

ਹਰ ਦਿਨ ਪੰਜਾਬ ਭਰ 'ਚੋਂ ਅਦਾਰੇ ਨੂੰ ਮਿਲ ਰਹੇ ਪਿਆਰ ਅਤੇ ਸਹਿਯੋਗ ਦਾ ਦਿਲੋਂ ਧੰਨਵਾਦ

ਮੁੱਖ ਸੰਪਾਦਕ : ਅਮਨਦੀਪ ਮਹਿਰਾ

ਸੱਚ ਤੇ ਨਿਡਰ ਆਵਾਜ਼

ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR

ਮੁੱਖ ਸੰਪਾਦਕ : ਅਮਨਦੀਪ ਮਹਿਰਾ

ਐਤਵਾਰ 15 ਜੂਨ 2025

Email:- lokbani08@gmail.com



ਰੋਜ਼ਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ

99155-94111



R. N. I. Punpun/29016/2008 * ਸਾਲ 16 , * ਅੰਕ : 298 * ਮੁੱਲ : 6 ਰੁਪਏ * ਕੁੱਲ ਪੇਜ: 08 * ਦਫਤਰ : 0181-2211009 * M : 99155-94111


## ਤਹਿਰਾਨ ਤਬਾਹ ਹੋ ਜਾਵੇਗਾ ਜੇਕਰ ਇਰਾਨ ਨੇ ਮਿਜ਼ਾਇਲਾਂ ਦਾਗਣੀਆ ਬੰਦ ਨਾ ਕੀਤਾ


ਦੁਬਈ, ਲੋਕ ਬਾਣੀ -ਇਜ਼ਰਾਈਲ ਦੇ ਰੱਖਿਆ ਮੰਤਰੀ ਇਜ਼ਰਾਈਲ ਕਾਟਜ਼ ਨੇ ਅੱਜ ਇਰਾਨ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਉਸ ਨੇ ਮਿਜ਼ਾਈਲਾਂ ਦਾਗਣੀਆਂ ਜਾਰੀ ਰੱਖੀਆਂ ਤਾਂ 'ਤਹਿਰਾਨ ਤਬਾਹ ਹੋ ਜਾਵੇਗਾ।"
ਫੌਜ ਮੁਖੀ ਦੇ ਨਾਲ ਇਕ ਸਮੀਖਿਆ ਮੀਟਿੰਗ ਤੋਂ ਬਾਅਦ ਰੱਖਿਆ ਮੰਤਰੀ ਇਜ਼ਰਾਈਲ ਕਾਟਜ਼ ਨੇ ਕਿਹਾ, "ਸਾਡੇ ਨਾਗਰਿਕਾਂਨੂੰ ਨੁਕਸਾਨ ਪਹੁੰਚਾਉਣ ਲਈ ਇਰਾਨ ਨੂੰ ਭਾਰੀ ਕੀਮਤ ਅਦਾ ਕਰਨੀ ਪਵੇਗੀ।"
ਉਨ੍ਹਾਂ ਦੀ ਇਹ ਟਿੱਪਣੀ ਅਜਿਹੇ ਸਮੇਂ ਵਿੱਚ ਆਈ ਹੈ ਜਦੋਂ ਸ਼ੁੱਕਰਵਾਰ



ਨੂੰ ਸਵੇਰੇ ਇਰਾਨ ਦੇ ਪਰਮਾਣੂ ਟਿਕਾਣਿਆਂ 'ਤੇ ਇਜ਼ਰਾਈਲ ਦੇ ਹਮਲੇ ਤੋਂ ਬਾਅਦ ਇਰਾਨ ਨੇ ਸ਼ਨਿਚਰਵਾਰ ਰਾਤ ਨੂੰ ਇਜ਼ਰਾਈਲ 'ਤੇ ਜਵਾਬੀ ਹਮਲੇ ਸ਼ੁਰੂ ਕਰ ਦਿੱਤੇ।

## ਪਾਉਂਟਾ ਸਾਹਿਬ ਚ ਹਿੰਸਾ ਤੋਂ ਬਾਅਦ ਇਲਾਕੇ ਵਿੱਚ ਮਨਾਹੀ ਦੇ ਹੁਕਮ

ਪਾਉਂਟਾ ਸਾਹਿਬ, ਲੋਕ ਬਾਣੀ - ਹਿਮਾਚਲ ਪ੍ਰਦੇਸ਼ ਦੇ ਸਿਰਮੌਰ ਜ਼ਿਲੇ ਦੇ ਪਾਉਂਟਾ ਸਾਹਿਬ ਇਲਾਕੇ ਦੇ ਚਾਰ ਪਿੰਡਾਂ 'ਚ ਪ੍ਰਸ਼ਾਸਨ ਵੱਲੋਂ ਇਕ ਦਿਨ ਪਹਿਲਾਂ ਹਿੰਦੂ-ਮੁਸਲਿਮ ਜੋੜੇ ਦੇ ਕਥਿਤ ਤੌਰ 'ਤੇ ਭੱਜ ਜਾਣ ਕਾਰਨ ਦੋ ਸਮੂਹਾਂ ਵਿਚਕਾਰ ਹੋਈ ਲੜਾਈ ਤੋਂ ਬਾਅਦ ਫਿਰਕੂ ਹਿੰਸਾ ਭੜਕਣ ਦੇ ਖਦਸ਼ੇ ਕਾਰਨ ਮਨਾਹੀ ਦੇ ਹੁਕਮ ਲਾਗੂ ਕੀਤੇ ਗਏ ਹਨ।ਪਾਉਂਟਾ ਸਾਹਿਬ ਸ਼ਹਿਰ ਵਿੱਚ ਸਥਾਨਕ ਹਿੰਦੂ ਸੰਗਠਨਾਂ ਵੱਲੋਂ ਚਾਰ ਦਿਨਾਂ ਤੋਂ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਉਨ੍ਹਾਂ ਦਾ ਦਾਅਵਾ ਹੈ ਕਿ




ਇਹ 'ਲਵ ਜਿਹਾਦ' ਦਾ ਮਾਮਲਾ ਹੈ। ਸ਼ੁੱਕਰਵਾਰ ਨੂੰ ਹੋਈ ਹਿੰਸਾ 'ਚ ਹੋਈ ਪੱਥਰਬਾਜ਼ੀ ਕਾਰਨ ਪੁਲੀਸ ਮੁਲਾਜ਼ਮਾਂ ਸਮੇਤ 10 ਦੇ ਕਰੀਬ ਲੋਕ ਜ਼ਖਮੀ ਹੋਏ ਹਨ।

## ਗਾਜ਼ਾ ਜੰਗਬੰਦੀ ਮਾਮਲੇ ਵਿਚ ਸਰਕਾਰ ਦੀ ਕਾਂਗਰਸ ਨੇ ਕੀਤੀ ਆਲੋਚਨਾ

ਦਿੱਲੀ, ਲੋਕ ਬਾਣੀ-ਕਾਂਗਰਸ ਨੇ ਗਾਜ਼ਾ 'ਚ ਜੰਗਬੰਦੀ ਲਈ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ("©71) ਦੇ ਮਤੇ ਦੌਰਾਨ ਵੋਟਿੰਗ ਤੋਂ ਦੂਰ ਰਹਿਣ ਲਈ ਕੇਂਦਰ ਸਰਕਾਰ ਦੀ ਆਲੋਚਨਾ ਕੀਤੀ ਹੈ ਅਤੇ ਭਾਰਤ ਦੀ ਵਿਦੇਸ਼ ਨੀਤੀ 'ਚ ਖ਼ਾਮੀਆਂ ਦਾ ਦੋਸ਼ ਲਗਾਇਆ ਹੈ।
ਵਿਰੋਧੀ ਧਿਰ ਨੇ ਸਰਕਾਰ ਤੋਂ ਇਸ ਗੱਲ 'ਤੇ ਵੀ ਜਵਾਬ ਮੰਗਿਆ ਹੈ ਕਿ ਕੀ ਭਾਰਤ ਨੇ ਨਿਆਂ ਲਈ, ਕਤਲੇਆਮ ਅਤੇ ਜੰਗ ਦੇ ਖ਼ਿਲਾਫ ਆਪਣੇ ਸਿਧਾਂਤਾਂ ਨੂੰ ਤਿਆਗ ਦਿੱਤਾ ਹੈ ?
ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਇਕ ਸੋਸ਼ਲ ਮੀਡੀਆ ਪੋਸਟ ਵਿਚ



ਕਿਹਾ, "ਇਹ ਹੁਣ ਸਪੱਸ਼ਟ ਹੋ ਰਿਹਾ ਹੈ ਕਿ ਸਾਡੀ ਵਿਦੇਸ਼ ਨੀਤੀ ਵਿੱਚ ਕਮੀਆਂ ਉਜਾਗਰ ਹੋ ਰਹੀਆਂ ਹਨ।ਪ੍ਰਧਾਨ ਮੰਤਰੀ ਮੋਦੀ ਨੂੰ ਵਿਦੇਸ਼ ਮੰਤਰੀ ਵੱਲੋਂ ਵਾਰ-ਵਾਰ ਕੀਤੀਆਂ ਜਾ ਰਹੀਆਂ ਗਲਤੀਆਂ ਲਈ ਜਵਾਬਦੇਹੀ ਤੈਅ ਕਰਨੀ ਚਾਹੀਦੀ ਹੈ।"

## ਏਅਰ ਇੰਡੀਆ ਜਹਾਜ਼ ਹਾਦਸਾ ਮਾਮਲੇ ਵਿਚ ਛੇ ਵਿਅਕਤੀਆਂ ਦੀਆਂ ਲਾਸ਼ਾਂ ਵਾਰਸਾਂ ਨੂੰ ਸੋਪੀਆ

ਦਿੱਲੀ, ਲੋਕ ਬਾਣੀ- ਗੁਜਰਾਤ ਦੇ ਬੀਜੇ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਇਕ ਸੀਨੀਅਰ ਡਾਕਟਰ ਨੇ ਸ਼ਨਿੱਚਰਵਾਰ ਨੂੰ ਦੱਸਿਆ ਕਿ ਹਸਪਤਾਲ ਅਧਿਕਾਰੀਆਂ ਨੇ ਜਹਾਜ਼ ਹਾਦਸੇ ਦੇ ਡੀਐਨਏ ਨਮੂਨਿਆਂ ਦੇ ਆਧਾਰ 'ਤੇ ਹੁਣ ਤੱਕ 11 ਮ੍ਰਿਤਕਾਂ ਦੀ ਪਛਾਣ ਕਰ ਲਈ ਹੈ ਅਤੇ ਉਨ੍ਹਾਂ ਦੀਆਂ ਲਾਸ਼ਾਂ ਉਨ੍ਹਾਂ ਦੇ ਵਾਰਸਾਂ ਨੂੰ ਸੌਂਪਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ।
ਬੀਜੇ ਮੈਡੀਕਲ ਕਾਲਜ ਦੇ ਸਰਜਰੀ ਦੇ ਪ੍ਰੋਫੈਸਰ ਡਾ. ਰਜਨੀਸ਼ ਪਟੇਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਡੀਐਨਏ ਨੂੰ ਮਿਲਾਉਣ ਦੀ ਪ੍ਰਕਿਰਿਆ ਨੂੰ ਬਹੁਤ ਧਿਆਨ ਨਾਲ ਕੀਤਾ ਜਾਣਾ ਚਾਹੀਦਾ ਹੈ ਅਤੇ ਇੰਝ ਹੀ ਕੀਤਾ ਜਾ ਰਿਹਾ ਹੈ, ਜਿਸ ਕਾਰਨ ਇਸ ਨੂੰ ਸਮਾਂ ਲੱਗ ਰਿਹਾ ਹੈ। ਇਸ ਤੋਂ ਪਹਿਲਾਂ ਅੱਠ ਮ੍ਰਿਤਕਾਂ ਦੀ ਪਛਾਣ ਉਨ੍ਹਾਂ ਦੇ




ਰਿਸ਼ਤੇਦਾਰਾਂ ਨੇ ਕਰ ਲਈ ਸੀ ਜਿਸ ਕਾਰਨ ਉਨ੍ਹਾਂ ਨੂੰ ਡੀਐਨਏ ਪ੍ਰੋਫਾਈਲਿੰਗ ਦੀ ਜ਼ਰੂਰਤ ਨਹੀਂ ਸੀ ਕਿਉਂਕਿ ਉਨ੍ਹਾਂ ਦੀਆਂ ਲਾਸ਼ਾਂ ਖਰਾਬ ਨਹੀਂ ਹੋਈਆਂ ਸਨ। ਉਹ ਲਾਸ਼ਾਂ ਹਸਪਤਾਲ ਅਧਿਕਾਰੀਆਂ ਨੇ ਪਹਿਲਾਂ ਹੀ ਪਰਿਵਾਰਾਂ ਨੂੰ ਸੌਂਪ ਦਿੱਤੀਆਂ ਹਨ।

## ਬੈਂਕ ਨਾਲ ਕਰੋੜਾਂ ਦੀ ਠੱਗੀ ਮਾਮਲੇ ਵਿਚ ਪ੍ਰੋਮੋਟਰ ਖ਼ਿਲਾਫ਼ ਸੀਬੀਆਈ ਵੱਲੋਂ ਮਾਮਲਾ ਦਰਜ

ਚੰਡੀਗੜ੍ਹ, ਲੋਕ ਬਾਣੀ -ਅਧਿਕਾਰੀਆਂ ਨੇ ਸ਼ਨਿੱਚਰਵਾਰ ਨੂੰ ਕਿਹਾ ਕਿ ਸੀਬੀਆਈ ਨੇ ਨੋਇਡਾ ਸਥਿਤ ਉਸਾਰੀ ਫਰਮ ਸੁਪਰਟੈਕ ਲਿਮਟਿਡ (Supertech Limited) ਅਤੇ ਇਸਦੇ ਪ੍ਰੋਮੋਟਰ ਆਰ ਕੇ ਅਰੋੜਾ ਸਮੇਤ ਹੋਰਨਾਂ ਵਿਰੁੱਧ ਆਈਡੀਬੀਆਈ ਬੈਂਕ (9429 2▲✪⌂) ਨਾਲ 126.07 ਕਰੋੜ ਰੁਪਏ ਦੀ ਧੋਖਾਧੜੀ ਕਰਨ ਦੇ ਦੋਸ਼ ਵਿੱਚ ਐਫਆਈਆਰ ਦਰਜ ਕੀਤੀ ਹੈ।
ਉਨ੍ਹਾਂ ਕਿਹਾ ਕਿ ਨੋਇਡਾ ਸਥਿਤ ਕੰਪਨੀ ਤੋਂ ਇਲਾਵਾ ਅਰੋੜਾ ਨੂੰ ਕੁੱਲ-ਵਕਤੀ ਡਾਇਰੈਕਟਰਾਂ ਸੰਗੀਤਾ ਅਰੋੜਾ, ਮੋਹਿਤ ਅਰੋੜਾ, ਪਾਰੁਲ ਅਰੋੜਾ, ਵਿਕਾਸ ਕਾਂਸਲ, ਪ੍ਰਦੀਪ ਕੁਮਾਰ, ਅਨਿਲ ਕੁਮਾਰ ਸ਼ਰਮਾ




ਅਤੇ ਅਨਿਲ ਕੁਮਾਰ ਜੈਨ ਦੇ ਨਾਲ ਐਫਆਈਆਰ ਵਿੱਚ ਨਾਮਜ਼ਦ ਕੀਤਾ ਗਿਆ ਹੈ। ਸ਼ਨਿੱਚਰਵਾਰ ਨੂੰ ਸੀਬੀਆਈ ਨੇ ਮਾਮਲੇ ਦੇ ਸਬੰਧ ਵਿੱਚ ਮੁਲਜ਼ਮਾਂ ਨਾਲ ਜੁੜੇ ਪੰਜ ਸਥਾਨਾਂ 'ਤੇ ਤਾਲਮੇਲ ਆਧਾਰਤ ਤਲਾਸ਼ੀ ਮੁਹਿੰਮ ਚਲਾਈ, ਜਿਸ ਵਿੱਚ ਨੋਇਡਾ ਅਤੇ ਗਾਜ਼ੀਆਬਾਦ ਸਥਿਤ ਸਰਕਾਰੀ ਅਤੇ ਰਿਹਾਇਸ਼ੀ ਇਮਾਰਤਾਂ ਸ਼ਾਮਲ ਹਨ।

## ਜਲੰਧਰ ਜ਼ਿਲ੍ਹੇ ਚ ਚੱਲੀਂ ਗੋਲੀ ਇਕ ਦੀ ਮੌਤ


ਜਲੰਧਰ, ਵਿਸ਼ਾਲ ਸ਼ੈਲੀ-ਨਜ਼ਦੀਕੀ ਪਿੰਡ ਰੁੜਕਾ ਕਲਾਂ ਵਿਖੇ ਅੱਜ ਰਾਈਫਲ ਦੀ ਸਫ਼ਾਈ ਦੌਰਾਨ ਗੋਲੀ ਲੱਗਣ ਨਾਲ ਅਨੂਪ ਸਿੰਘ ਪੁੱਤਰ ਜਸਵਿੰਦਰ ਸਿੰਘ ਵਾਸੀ ਰੁੜਕਾ ਕਲਾਂ ਦੀ ਮੌਤ ਹੋ ਗਈ। ਮ੍ਰਿਤਕ ਗੁਰਾਇਆ ਦੀ ਇਕ ਬੈਂਕ ਵਿਚ ਸੁਰੱਖਿਆ ਕਰਮਚਾਰੀ ਸੀ। ਪੁਲਿਸ



ਮਾਮਲੇ ਦੀ ਜਾਂਚ ਕਰ ਰਹੀ ਹੈ।

## ਪੰਜਾਬ ਵਿੱਚ ਨੋਜਵਾਨ ਦਾ ਦੋਸਤਾ ਨੇ ਕੀਤਾ ਕਤਲ

ਗੁਰਦਾਸਪੁਰ, ਲੋਕ ਬਾਣੀ- ਪੁਲਿਸ ਜ਼ਿਲ੍ਹਾ ਬਟਾਲਾ ਅਧੀਨ ਪੈਂਦੇ ਪੁਲਿਸ ਥਾਣਾ ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਸਰਹੱਦੀ ਪਿੰਡ ਧਰਮਕੋਟ ਪੱਤਣ ਵਿਖੇ 25 ਸਾਲਾ ਨੌਜਵਾਨ ਦਾ ਕਤਲ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪੱਤਰਕਾਰਾਂ ਨੂੰ ਵਧੇਰੇ ਜਾਣਕਾਰੀ ਦਿੰਦਿਆਂ ਮ੍ਰਿਤਕ ਨੌਜਵਾਨ ਜੈਮਸ ਮਸੀਹ ਦੇ ਪਿਤਾ ਲੱਖਾਂ ਮਸੀਹ ਵਾਸੀ ਧਰਮਕੋਟ ਪੱਤਣ ਨੇ ਦੱਸਿਆ ਕਿ ਉਸ ਦੇ ਪੁੱਤਰ ਨੂੰ ਬੀਤੀ ਰਾਤ ਉਸਦੇ ਦੋਸਤਾਂ ਵਲੋਂ ਘਰੋਂ ਬੁਲਾ ਕੇ ਖੜਿਆ ਸੀ ਜਿਨ੍ਹਾਂ ਵਲੋਂ ਹੀ ਉਸ ਦਾ ਕਤਲ ਕੀਤਾ ਗਿਆ ਹੈ। ਇਸ ਸਬੰਧੀ ਪੁਲਿਸ ਥਾਣਾ ਡੇਰਾ ਬਾਬਾ ਨਾਨਕ



ਦੇ ਐਸ.ਐਚ. ਓ. ਸਤਪਾਲ ਸਿੰਘ ਨੇ ਦੱਸਿਆ ਕਿ ਪੁਲਿਸ ਵਲੋਂ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ ਉਤੇ ਦੋਸ਼ੀਆਂ ਖਿਲਾਫ ਕਤਲ ਦਾ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਖਹਿਰਾ ਨੇੜੇ ਰੇਲਵੇ ਟਰੈਕ ਤੋਂ ਲਾਸ਼ ਮਿਲੀ

ਫਿਲੌਰ: ਲੋਕ ਬਾਣੀ- ਪਿੰਡ ਖਹਿਰਾ ਨੇੜੇ ਰੇਲਵੇ ਟਰੈਕ ਤੋਂ ਨੌਜਵਾਨ ਦੀ ਲਾਸ਼ ਮਿਲੀ ਹੈ। ਇਸ ਸਬੰਧੀ ਜੀਆਰਪੀ ਚੌਕੀ ਇੰਚਾਰਜ (ਫਿਲੌਰ) ਪ੍ਰੇਮ ਨਾਥ ਅਤੇ ਕਮਲਜੀਤ ਸਿੰਘ ਧੁਲੇਤਾ ਨੇ ਦੱਸਿਆ ਕਿ ਭੱਟੀਆਂ ਨਜ਼ਦੀਕ ਪਿੰਡ ਖਹਿਰਾ ਰੇਲਵੇ ਟਰੈਕ ਤੋਂ ਇੱਕ ਵਿਅਕਤੀ ਦੀ ਲਾਸ਼ ਮਿਲੀ ਹੈ ਜਿਸ ਦੀ ਸ਼ਨਾਖਤ ਨਹੀਂ ਹੋ ਸਕੀ। ਮ੍ਰਿਤਕ ਨੌਜਵਾਨ ਦੀ ਉਮਰ 20-25 ਸਾਲ, ਕਲੀਨ ਸ਼ੇਵ, ਸਿਰੋਂ ਮੋਨਾ, ਫਿਰੋਜ਼ੀ ਕਮੀਜ਼, ਨੀਲੀ ਜੀਨ ਦੀ ਪੈਂਟ



ਪਾਈ ਹੋਈ ਹੈ ਜਿਸ ਦੀ ਲਾਸ਼ 72 ਘੰਟੇ ਲਈ ਸਿਵਲ ਹਸਪਤਾਲ ਫਿਲੌਰ ਵਿਖੇ ਸ਼ਨਾਖਤ ਲਈ ਰੱਖੀ ਗਈ ਹੈ।





181 VISA
ਅਪ੍ਰੈਲ 2025 ਮਹੀਨੇ ਵਿੱਚ ਲੱਗੇ

TOURIST VISA
USA/ SCHENGEN
CANADA/ AUSTRALIA/ UK/ NZ
easyvisa
8283 000800

ਅਪਲਾਈ ਕਰਨ ਤੋਂ ਪਹਿਲਾਂ ਲੱਗੇ ਹੋਏ ਵੀਜ਼ਾ ਜਰੂਰ ਚੈਕ ਕਰੋ ਫਿਰ ਅਪਲਾਈ ਕਰੋ



ਲੋਕ ਬਾਣੀ
ਰੋਜ਼ਾਨਾ ਲੋਕ ਬਾਣੀ
www.lokbani.com




publisher
chief editor
Aman mehra
Lok bani (News paper)
Lokbani08@gmail.com
www Lokbani.com
Mob 9915594111

Head office :308 sangam complex milap chowk Jalandhar Punjab India 01812211009

# ਛੁੱਟੀਆਂ ਨੂੰ ਮਜ਼ੇਦਾਰ ਕਿਵੇਂ ਬਣਾਇਆ ਜਾਵੇ ?

ਅੱਜ ਕੱਲ੍ਹ ਹਰ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿੱਚ ਬੱਚਿਆਂ ਨੂੰ ਗਰਮੀ ਦੇ ਮੌਸਮ ਕਾਰਨ ਛੁੱਟੀਆਂ ਹਨ। ਇਹ ਸਮਾਂ ਬੱਚਿਆਂ ਨੂੰ ਗਰਮੀ ਤੋਂ ਬਚਾਉਣ ਅਤੇ ਕੁਝ ਦਿਮਾਗੀ ਤੌਰ ਤੇ ਆਰਾਮ ਦੇਣ ਲਈ ਹੁੰਦਾ ਹੈ । ਪਰ ਜੇਕਰ ਇਸ ਸਮੇਂ ਨੂੰ ਬੱਚਿਆਂ ਦੀ ਸ਼ਖਸ਼ੀਅਤ ਨੂੰ ਹੋਰ ਨਿਖ਼ਾਰਨ ਲਈ ਲਗਾਇਆ ਜਾਵੇ ਤਾਂ ਸੋਨੇ ਤੇ ਸੁਹਾਗਾ ਹੋਣ ਵਾਲੀ ਗੱਲ ਹੋ ਸਕਦੀ ਹੈ।ਇਸ ਮਕਸਦ ਨੂੰ ਪੂਰਾ ਕਰਨ ਲਈ ਕੁਝ ਅਜਿਹੇ ਕੰਮ ਕਰਨੇ ਚਾਹੀਦੇ ਹਨ, ਜੋ ਉਹਨਾਂ ਨੂੰ ਸਿਰਜਣਾਤਮਕ ਤਾਂ ਬਣਾਉਣ ਹੀ, ਨਾਲ ਮਜ਼ੇਦਾਰ ਵੀ ਲੱਗਣ। ਕੁਝ ਕੁ ਗਤੀਵਿਧੀਆਂ ਇਸ ਤਰ੍ਹਾਂ ਦੀਆਂ ਹੋ ਸਕਦੀਆਂ ਹਨ।

*ਛੋਟੇ ਬੱਚੇ ਅਕਸਰ ਰੰਗਾਂ ਨਾਲ ਬਹੁਤ ਖੁਸ਼ ਹੁੰਦੇ ਅਤੇ ਮਸਤੀ ਕਰਦੇ ਹਨ। ਉਹਨਾਂ ਨੂੰ ਡਰਾਇੰਗ ਦਾ ਕੰਮ ਦਿੱਤਾ ਜਾ ਸਕਦਾ ਹੈ। ਜਿਸ ਤੇ ਉਹ ਆਪਣੀਆਂ ਕਲਾਕ੍ਰਿਤੀਆਂ ਦਾ ਪ੍ਰਗਟਾਵਾ ਕਰ ਸਕਣ। ਇਸ ਨਾਲ ਉਹ ਕੰਮ ਵਿੱਚ ਤਾਂ ਰੁੱਝੇ ਰਹਿਣਗੇ ਹੀ ਨਾਲ ਨਾਲ ਉਹਨਾਂ ਵਿੱਚ ਸੁਹਜਾਤਮਕ ਗੁਣ ਦੀ ਵਿਕਸਿਤ ਹੋਵੇਗਾ।

*ਪੜ੍ਹਾਈ ਤੋਂ ਹਟ ਕੇ ਉਹਨਾਂ ਨੂੰ ਕੁਝ ਘਰੇਲੂ ਕੰਮਾਂ ਵਿੱਚ ਵੀ ਲਗਾਉਣਾ ਚਾਹੀਦਾ ਹੈ ਛੋਟੇ ਛੋਟੇ ਕੰਮ ਜੋ ਉਹ ਆਸਾਨੀ ਅਤੇ ਸੁਰੱਖਿਆ ਤੌਰ ਤੇ ਕਰ ਸਕਣ ।ਜਿਵੇਂ ਘਰ ਦੀ ਬਗੀਚੀ ਦਾ ਕੰਮ ,ਘਰ ਦੀ ਸਜਾਵਟ ਅਤੇ ਸਫਾਈ ਆਦਿ ਦਾ ਕੰਮ।

*ਜਿਹੜੇ ਬੱਚੇ ਵੱਡੇ ਹਨ ਉਹ ਆਪਣਾ ਹੁਨਰ ਹੋਰ ਕੰਮਾਂ ਨੂੰ ਕਰਕੇ ਨਿਖਾਰ ਸਕਦੇ ਹਨ ਜਿਵੇਂ ਪੇਂਟਿੰਗ, ਸਿਲਾਈ, ਕਢਾਈ ਜਾਂ ਕੋਈ ਸਜਾਵਟੀ ਚੀਜ਼ਾਂ ਬਣਾਉਣ ਲਈ ਸਮਾਂ ਦੇਣ।

*ਬੱਚਿਆਂ ਨੂੰ ਕਲੇਅ ਜਾਂ ਚੀਕਣੀ ਮਿੱਟੀ ਨਾਲ ਵਸਤਾਂ ਬਣਾਉਣ ਲਈ ਦਿੱਤੀਆਂ ਜਾ ਸਕਦੀਆਂ ਹਨ ।ਜਿਸ ਨਾਲ ਉਹਨਾਂ ਦੀਆਂ ਮਾਸਪੇਸ਼ੀਆਂ ਮਜਬੂਤ ਹੋਣਗੀਆਂ ਅਤੇ ਉਹਨਾਂ ਵਿੱਚ ਕੁਝ ਸਿਰਜਣ ਦੀ ਵੀ ਰੁਚੀ ਪੈਦਾ ਹੋਵੇਗੀ।

*ਛੁੱਟੀਆਂ ਵਿੱਚ ਬੱਚਿਆਂ ਨੂੰ ਕੁਝ ਸਮਾਂ ਖਾਣ ਵਾਲੀਆਂ ਚੀਜ਼ਾਂ ਬਣਾਉਣ ਲਈ ਦੇਣਾ ਚਾਹੀਦਾ ਹੈ ਜਿਵੇਂ ਸਲਾਦ ਸਜਾਉਣਾ ,ਸ਼ਰਬਤ ਬਣਾਉਣਾ, ਕੇਕ ਜਾਂ ਆਈਸਕ੍ਰੀਮ ਆਦਿ ਬਣਾਉਣਾ ਆਦਿ ।

*ਬੱਚੇ ਛੁੱਟੀਆਂ ਵਿੱਚ ਕਾਫੀ ਸਮੇਂ ਬਾਅਦ ਨਾਨਕੇ ,ਭੂਆ ਜਾਂ ਮਾਸੀ ਦੇ ਘਰ ਇਕੱਠੇ ਹੁੰਦੇ ਹਨ। ਉਹ ਇਕੱਠੇ ਹੋ ਕੇ ਕੁਝ ਦੇਸੀ ਖੇਡਾਂ ਜਿਵੇਂ ਪਿੱਠੂ ਸੇਕਣਾ , ਬਾਰਾਂ ਟਾਹਣੀ ,ਲੁੱਡੋ ,ਲੁਕਣ ਮੀਟੀ, ਸਟਾਪੂ ਆਦਿ ਖੇਡ ਕੇ ਆਪਣਾ ਮਨੋਰੰਜਨ ਕਰ ਸਕਦੇ ਹਨ।

*ਛੁੱਟੀਆਂ ਦਾ ਫਾਇਦਾ ਲੈਂਦੇ ਹੋਏ ਬੱਚੇ ਆਪਣੇ ਸਰੀਰਕ ਤੰਦਰੁਸਤੀ ਵਾਸਤੇ ਕਸਰਤ ,ਯੋਗਾ, ਡਾਂਸ ਆਦਿ ਦੀ ਪ੍ਰੈਕਟਿਸ ਵੀ ਘਰ ਜਾਂ ਕਿਸੇ ਕੋਚਿੰਗ ਸੈਂਟਰ ਵਿੱਚ ਕਰ ਸਕਦੇ ਹਨ।

*ਮਾਪੇ ਬੱਚਿਆਂ ਨੂੰ ਅਖਬਾਰ ਜਾਂ ਕਿਤਾਬਾਂ ਤੋਂ ਦਿਲਚਸਪ ਅਤੇ ਪ੍ਰੇਰਣਾਦਾਇਕ ਕਹਾਣੀਆਂ, ਕਵਿਤਾਵਾਂ , ਅਤੇ ਹੋਰ ਰੌਚਕ ਸਮੱਗਰੀ ਪੜ੍ਹਨ ਲਈ ਵੀ ਪ੍ਰੇਰਿਤ ਕਰ ਸਕਦੇ ਹਾਂ।

*ਬੱਚਿਆਂ ਨੂੰ ਵਾਤਾਵਰਨ ਪ੍ਰਤੀ ਸੁਹਿਰਦ ਹੋਣ ਲਈ ਉਹਨਾਂ ਤੋਂ ਨਵੇਂ ਬੂਟੇ ਲਗਾਉਣਾ ਅਤੇ ਉਹਨਾਂ ਦੀ ਸੰਭਾਲ ਕਰਨ ਲਈ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਜਿਸ ਨਾਲ ਉਹਨਾਂ ਵਿੱਚ ਵਾਤਾਵਰਣ ਦੀ ਸਾਂਭ ਸੰਭਾਲ ਦੀ ਆਦਤ ਵਿਕਸਿਤ ਹੋਵੇਗੀ।

*ਮਾਪੇ ਆਪਣੀ ਸਹੂਲਤ ਮੁਤਾਬਕ ਬੱਚਿਆਂ ਦੇ ਮਨੋਰੰਜਨ ਅਤੇ ਜਾਣਕਾਰੀ ਦੇ ਵਾਧੇ ਲਈ ਕਿਸੇ ਮਿਊਜ਼ੀਅਮ, ਪਾਰਕ ,ਇਤਿਹਾਸਿਕ ਜਾਂ ਧਾਰਮਿਕ ਥਾਵਾਂ ਦੀ ਸੈਰ ਕਰਵਾ ਸਕਦੇ ਹਨ ।ਤਾਂ ਜੋ ਵਿਦਿਆਰਥੀ ਜੋ ਕਿਤਾਬਾਂ ਵਿੱਚ ਪੜ੍ਹਦੇ ਹਨ, ਉਸ ਬਾਰੇ ਉਹਨਾਂ ਨੂੰ ਪ੍ਰੈਕਟੀਕਲ ਤੌਰ ਤੇ ਜਾਣਕਾਰੀ ਪ੍ਰਾਪਤ ਹੋ ਸਕੇ।

*ਕਈ ਬੱਚੇ ਸ਼ਹਿਰਾਂ ਵਿੱਚ ਰਹਿੰਦੇ ਹਨ। ਪੇਂਡੂ ਜੀਵਨ ਤੋਂ ਅਣਜਾਣ ਹੁੰਦੇ ਹਨ।

ਜੇ ਹੋ ਸਕੇ ਤਾਂ ਉਹਨਾਂ ਨੂੰ ਪਿੰਡ ਵਿੱਚ ਰਹਿੰਦੇ ਰਿਸ਼ਤੇਦਾਰਾਂ ਦੇ ਲਿਜਾ ਕੇ ਖੇਤਾਂ ਵਿੱਚ ਹੋਣ ਵਾਲੀਆਂ ਵੱਖ ਵੱਖ ਫਸਲਾਂ ਦੀ ਅਤੇ ਦਰਖਤਾਂ ਦੀ ਜਾਣਕਾਰੀ ਦਿੱਤੀ ਜਾ ਸਕਦੀ ਹੈ। ਇਸ ਨਾਲ ਬੱਚੇ ਬਹੁਤ ਖੁਸ਼ ਵੀ ਹੁੰਦੇ ਹਨ ਅਤੇ ਉਹਨਾਂ ਦੀ ਜਾਣਕਾਰੀ ਵਿੱਚ ਵੀ ਵਾਧਾ ਹੁੰਦਾ ਹੈ।

ਇਨਾ ਗਤੀਵਿਧੀਆਂ ਤੋਂ ਇਲਾਵਾ ਮਾਪੇ ਆਪਣੀ ਬੱਚਿਆਂ ਦੀ ਰੁਚੀ ਮੁਤਾਬਿਕ ਹੋਰ ਵੀ ਅਨੇਕਾਂ ਅਜਿਹੇ ਕੰਮ ਛੁੱਟੀਆਂ ਵਿੱਚ ਕਰਵਾ ਸਕਦੇ ਹਨ ਜਿਸ ਨਾਲ ਉਹਨਾਂ ਦੇ ਸਿੱਖਣ ਦੇ ਨਾਲ -ਨਾਲ ਮਨੋਰੰਜਨ ਵੀ ਹੋਵੇ ।ਅਜਿਹੀਆਂ ਗਤੀਵਿਧੀਆਂ ਨਾਲ ਬੱਚਿਆਂ ਵਿੱਚ ਪਿਆਰ, ਮਿਲਵਰਤਨ, ਸਹਿਯੋਗ , ਸਾਂਝੀਵਾਲਤਾ ਆਦਿ ਗੁਣ ਵੀ ਵਿਕਸਿਤ ਹੁੰਦੇ ਹਨ। ਇਸ ਨਾਲ ਉਹ ਮੋਬਾਈਲ ਫੋਨਾਂ ਤੇ ਬੇਫਜ਼ੂਲ ਸਮੇਂ ਦੀ ਬਰਬਾਦੀ ਤੋਂ ਵੀ ਬਚ ਸਕਦੇ ਹਨ।



ਹਰਜਿੰਦਰ ਕੌਰ,ਆਦਮਵਾਲ ਗੜ੍ਹੀ (ਹੁਸ਼.)9464288784

# ਤਿਤਲੀ ਅਤੇ ਖਰਗੋਸ਼

ਬਹੁਤ ਪਹਿਲਾਂ ਦੀ ਗੱਲ ਹੈ। ਇੱਕ ਨਦੀ ਦੇ ਕਿਨਾਰੇ ਨਿੰਮ ਦਾ ਇੱਕ ਦਰਖ਼ਤ ਸੀ। ਉਸ ਦੇ ਉੱਤੇ ਇੱਕ ਸੁੰਦਰ ਤਿਤਲੀ ਰਹਿੰਦੀ ਸੀ। ਉਸਦੇ ਪੰਖ ਬਹੁਤ ਸੋਹਣੇ ਸਨ। ਉਹ ਬਹੁਤ ਦੂਰ - ਦੂਰ ਤੱਕ ਉੱਡ ਕੇ ਜਾਂਦੀ ਸੀ। ਉਸ ਦਰੱਖਤ ਦੇ ਕੋਲ ਹੀ ਇੱਕ ਖੁੱਡ ਸੀ। ਖੁੱਡ ਵਿੱਚ ਖਰਗੋਸ਼ ਰਹਿੰਦਾ ਸੀ। ਇੱਕ ਵਾਰ ਤਿਤਲੀ ਨੂੰ ਆਪਣੇ ਸੁੰਦਰ ਪੰਖਾਂ 'ਤੇ ਹੰਕਾਰ ਹੋ ਗਿਆ। ਉਸਨੇ ਖਰਗੋਸ਼ ਨੂੰ ਆਪਣੇ ਨਾਲ ਦੌੜ ਲਗਾਉਣ ਦੀ ਗੱਲ ਕਹੀ। ਖਰਗੋਸ਼ ਤਿਤਲੀ ਦੇ ਨਾਲ ਦੌੜ ਲਗਾਉਣ ਲੱਗਾ। ਤਿਤਲੀ ਤੇਜ਼ - ਤੇਜ਼ ਉੱਡ ਗਈ। ਖਰਗੋਸ਼ ਵੀ ਦੌੜਦਾ ਰਿਹਾ। ਅੱਗੇ ਇੱਕ ਨਦੀ ਆ ਗਈ। ਖਰਗੋਸ਼ ਨਦੀ ਪਾਰ ਨਹੀਂ ਸੀ ਕਰ ਸਕਦਾ , ਪਰ ਤਿਤਲੀ ਆਪਣੇ ਪੰਖਾਂ ਨਾਲ ਨਦੀ ਪਾਰ ਕਰ ਗਈ। ਤਿਤਲੀ ਦੌੜ ਵਿੱਚ ਜਿੱਤ ਗਈ। ਉਸ ਨੂੰ ਆਪਣੇ ਖ਼ੂਬਸੂਰਤ ਪੰਖਾਂ 'ਤੇ ਅਤੇ ਆਪਣੀ ਉਡਾਨ 'ਤੇ ਬਹੁਤ ਹੰਕਾਰ ਹੋ ਗਿਆ। ਸਮਾਂ ਗੁਜਰਦਾ ਰਿਹਾ। ਇੱਕ ਵਾਰ ਬਹੁਤ ਤੇਜ਼ ਹਨੇਰੀ ਆਈ ਅਤੇ ਮੀਂਹ ਵੀ ਪਿਆ। ਉਸ ਹਨੇਰੀ ਦੇ ਨਾਲ ਤਿਤਲੀ ਦੇ ਪੰਖਾਂ ਨੂੰ ਨੁਕਸਾਨ ਪਹੁੰਚ ਗਿਆ। ਹੁਣ ਉਹ ਉੱਡ ਨਹੀਂ ਸੀ ਸਕਦੀ। ਮੀਂਹ ਦੇ ਵਿੱਚ ਤਿਤਲੀ ਆਪਣਾ ਬਚਾਅ ਨਾ ਕਰ ਸਕੀ ਅਤੇ ਤੇਜ ਗੜ੍ਹੇਮਾਰੀ ਕਰਕੇ ਉਸਦੀ ਮੌਤ ਹੋ ਗਈ। ਪਰ ਖਰਗੋਸ਼ ਤੇਜ਼ ਦੌੜ ਕੇ ਆਪਣੀ ਖੁੱਡ ਵਿੱਚ ਲੁੱਕ ਗਿਆ ਤੇ ਉਸਦੀ ਜਾਨ ਬਚ ਗਈ। ਇਸ ਕਹਾਣੀ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਕਿਸੇ ਵੀ ਗੱਲ ਅਤੇ ਆਪਣੇ ਕਿਸੇ ਵੀ ਗੁਣ ਦਾ ਹੰਕਾਰ ਨਹੀਂ ਕਰਨਾ ਚਾਹੀਦਾ।



ਕਹਾਣੀਕਾਰ ਮਾਸਟਰ ਸੰਜੀਵ ਧਰਮਾਣੀ

# ਮੈਂ ਕਿਵੇਂ ਪੜ੍ਹਾਂ ?

ਵਿਜੇ ਗਰਗ

ਸਾਰੇ ਘਰ ਵਿੱਚ ਮੌਤ ਵਰਗੀ ਚੁੱਪ ਛਾ ਗਈ। ਮਾਂ ਦੇ ਕਮਰੇ ਦੇ ਬਾਹਰ, ਉਦਾਸ ਦਾਈ ਆਪਣਾ ਸਿਰ ਹੱਥਾਂ ਵਿੱਚ ਲੈ ਕੇ ਬੈਠੀ ਹੈ। ਪਿੰਡ ਦੀਆਂ ਔਰਤਾਂ ਮਾਂ ਦੇ ਕੋਲ ਚੁੱਪ-ਚਾਪ ਬੈਠੀਆਂ ਹਨ ਜੋ ਰੋਂਦੇ-ਰੋਂਦੇ ਥੱਕ ਚੁੱਕੀ ਹੈ। ਇਹ ਪਹਿਲੀ ਵਾਰ ਸੀ ਜਦੋਂ ਉਸਨੇ ਆਪਣੇ ਪਿਤਾ ਨੂੰ ਚਿੱਟੇ ਕੱਪੜੇ ਵਿੱਚ ਲਪੇਟੀ ਹੋਈ ਗੁੱਡੀ ਦੀ ਲਾਸ਼ ਨੂੰ ਹੱਥਾਂ ਵਿੱਚ ਫੜ ਕੇ ਰੋਂਦੇ ਹੋਏ ਦੇਖਿਆ... ਸ਼ੁਚੀ! ਅਧਿਆਪਕਾ ਦੀ ਤਿੱਖੀ ਆਵਾਜ਼ ਨੇ ਉਸਦੇ ਮਨ ਵਿੱਚ ਚੱਲ ਰਹੀਆਂ ਘਟਨਾਵਾਂ ਦੀ ਰੀਲ ਨੂੰ ਕੱਟ ਦਿੱਤਾ ਅਤੇ ਉਹ ਕਾਹਲੀ ਨਾਲ ਉੱਠ ਖੜ੍ਹੀ ਹੋ ਗਈ। ਤੁਹਾਡਾ ਧਿਆਨ ਕਿੱਥੇ ਹੈ ? ਮੈਂ ਕੀ ਸਿਖਾ ਰਿਹਾ ਸੀ... ਦੱਸੋ ? ਉਹ ਘਬਰਾ ਗਈ। ਪੂਰੀ ਕਲਾਸ ਵਿੱਚ ਸਾਰੇ ਉਸ ਵੱਲ ਦੇਖ ਰਹੇ ਸਨ। ਬੋਲੋ! ਅਧਿਆਪਕ ਉਸਦੇ ਬਹੁਤ ਨੇੜੇ ਆ ਗਿਆ। ਰੱਬ ਨੇ ਬੱਚਾ ਵਾਪਸ ਲੈ ਲਿਆ...: ਡਰ ਕਾਰਨ ਉਸਦੇ ਮੂੰਹੋਂ ਇਹੀ ਨਿਕਲ ਸਕਿਆ। ਕੁਝ ਬੱਚੇ ਉੱਚੀ-ਉੱਚੀ ਹੱਸਣ ਲੱਗ ਪਏ। ਅਧਿਆਪਕ ਦਾ ਗੁੱਸਾ ਸੱਤਵੇਂ ਅਸਮਾਨ ਤੇ ਪਹੁੰਚ ਗਿਆ। ਬੈਂਚ ਤੇ ਖੜ੍ਹੇ ਹੋ ਜਾਓ! ਉਹ ਚੁੱਪਚਾਪ ਬੈਂਚ ਤੇ ਖੜ੍ਹੀ ਰਹੀ। ਉਸਨੇ ਸੋਚਿਆ... ਉਹ ਸਾਰੇ ਕਿਉਂ ਹੱਸ ਰਹੇ ਹਨ, ਉਸਦੇ ਮਾਪੇ ਰੋ ਪਏ ਸਨ, ਦੁੱਧ ਵਾਲਾ ਅਤੇ ਰਿਕਸ਼ਾ ਵਾਲਾ ਵੀ ਬੱਚੇ ਬਾਰੇ ਸੁਣ ਕੇ ਉਦਾਸ ਹੋ ਗਏ ਸਨ ਅਤੇ ਉਸ ਨਾਲ ਵਾਧੂ ਪਿਆਰ ਨਾਲ ਪੇਸ਼ ਆਏ ਸਨ। ਉਹ ਬਲੈਕਬੋਰਡ ਵੱਲ ਘੂਰ ਰਹੀ ਸੀ, ਜਿੱਥੇ ਉਸਨੂੰ ਇੱਕ ਪਿਆਰਾ ਜਿਹਾ ਬੱਚਾ ਆਪਣੀ ਮਾਂ ਦੇ ਕੋਲ ਪਿਆ ਦਿਖਾਈ ਦੇ ਰਿਹਾ ਸੀ। ਹੱਸਦੇ ਹੋਏ, ਪਿਤਾ ਜੀ ਨੇ ਗੁੱਡੀ ਨੂੰ ਉਸਦੀਆਂ ਨਿੱਕੀਆਂ ਬਾਹਾਂ ਵਿੱਚ ਫੜਾ ਦਿੱਤਾ। ਉਹ ਕਿੰਨੀ ਖੁਸ਼ ਸੀ! ਦੋ ਅਤੇ ਪੰਜ - ਇਹ ਕੀ ਹੈ ? ਅਧਿਆਪਕ ਬੱਚਿਆਂ ਨੂੰ ਪੁੱਛ ਰਿਹਾ ਸੀ। ਸ਼ੁਚੀ ਨੂੰ ਟੀਚਰ ਦੀਦੀ ਤੋਂ ਪੁੱਛਣ ਨੂੰ ਜੀਅ ਕਰਦਾ ਕਿ ਜੇ ਰੱਬ ਨੂੰ ਗੁੱਡੀ ਵਾਪਸ ਲੈਣੀ ਹੀ ਪਈ ਤਾਂ ਉਸਨੇ ਉਸਨੂੰ ਕਿਉਂ ਦਿੱਤੀ ? ਉਸਦੀਆਂ ਅੱਖਾਂ ਨਮ ਹੋ ਗਈਆਂ। ਚਿੱਟੇ ਕੱਪੜੇ ਵਿੱਚ ਲਪੇਟੀ ਹੋਈ ਗੁੱਡੀ ਦੀ ਲਾਸ਼ ਉਸਦੀਆਂ ਅੱਖਾਂ ਸਾਹਮਣੇ ਤੈਰ ਰਹੀ ਸੀ। ਇਸ ਵਾਰ ਅਧਿਆਪਕ ਉਸਨੂੰ ਪੁੱਛ ਰਿਹਾ ਸੀ। ਉਸਨੇ ਬਲੈਕਬੋਰਡ ਵੱਲ ਧਿਆਨ ਨਾਲ ਦੇਖਿਆ। ਉਸਨੂੰ ਲੱਗਾ ਜਿਵੇਂ ਬਲੈਕਬੋਰਡ ਵੀ ਗੁੱਡੀ ਦੇ ਸਰੀਰ ਦੁਆਲੇ ਲਪੇਟੇ ਹੋਏ ਕੱਪੜੇ ਵਾਂਗ ਚਿੱਟਾ ਹੋ ਗਿਆ ਹੋਵੇ। ਉਸਨੂੰ ਅਧਿਆਪਕਾ ਦੀਦੀ ਤੇ ਗੁੱਸਾ ਆਇਆ। ਉਹ ਚਿੱਟੇ ਬੋਰਡ ਤੇ ਚਿੱਟੇ ਚਾਕ ਨਾਲ ਲਿਖਿਆ ਕਿਵੇਂ ਪੜ੍ਹ ਸਕਦਾ ਹੈ ?

ਵਿਜੇ ਗਰਗ ਸੇਵਾਮੁਕਤ ਪ੍ਰਿੰਸੀਪਲ ਮਲੋਟ ਪੰਜਾਬ

# ਮੋਗਾ ਜ਼ਿਲ੍ਹੇ ਨਾਲ ਸਬੰਧਿਤ ਅੰਮ੍ਰਿਤਪਾਲ ਸਿੰਘ ਮਹਿਰੋਂ ਮੁਸਲਿਮ ਪਰਿਵਾਰ ਵਿੱਚ ਜੰਮਿਆ ਸੀ, ਵੱਡਾ ਹੋ ਕੇ ਬਣਿਆ ਸੀ ਸਿੱਖ, ਰਹਿੰਦਾ ਹੈ ਨਿਹੰਗ ਬਾਣੇ ਵਿੱਚ

(ਲੋਕ ਬਾਣੀ) ਪੰਜਾਬ ਵਿੱਚ ਪਿਛਲੇ ਦਿਨਾਂ ਤੋਂ ਸੋਸ਼ਲ ਮੀਡੀਆ ਤੇ ਗੰਦ ਫਲਾਉਣ ਵਾਲਿਆਂ ਅਤੇ ਅੰਮ੍ਰਿਤਪਾਲ ਸਿੰਘ ਮਹਿਰੋਂ ਦੀ ਲਗਾਤਾਰ ਚਰਚਾ ਹੋ ਰਹੀ ਹੈ। ਇਹ ਚਰਚਾ ਅਸ਼ਲੀਲ ਵੀਡੀਓ ਬਣਾਉਣ ਵਾਲੀ ਭਾਬੀ ਦੇ ਕਤਲ ਕਰਨ ਤੋਂ ਬਾਅਦ ਚੱਲ ਰਹੀ ਹੈ। ਇਸ ਸਬੰਧੀ ਐਸ ਐਸ ਪੀ ਬਠਿੰਡਾ ਨੇ ਪ੍ਰੈਸ ਕਾਨਫਰੰਸ ਕਰਕੇ ਅੰਮ੍ਰਿਤਪਾਲ ਸਿੰਘ ਮਹਿਰੋਂ ਤੇ ਉਨ੍ਹਾਂ ਦੇ ਸਾਥੀਆਂ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਅੰਮ੍ਰਿਤਪਾਲ ਸਿੰਘ ਮਹਿਰੋਂ, ਮੋਗਾ ਜ਼ਿਲ੍ਹੇ ਵਿੱਚ ਪੈਂਦੇ ਪਿੰਡ ਮਹਿਰੋਂ ਦਾ ਰਹਿਣ ਵਾਲਾ ਹੈ। ਇਹ ਮੁਸਲਿਮ ਪਰਿਵਾਰ ਵਿੱਚੋਂ ਹੈ। ਅੰਮ੍ਰਿਤਪਾਲ ਮਹਿਰੋਂ ਸਿੱਖੀ ਤੋਂ ਪ੍ਰਭਾਵਿਤ ਹੋ ਕੇ ਨਿਹੰਗ ਸਿੰਘ ਬਣ ਗਿਆ। ਸਿੱਖਿਆ ਦੀ ਗੱਲ ਕਰੀਏ ਤਾਂ ਉਸ ਨੇ ਨਾਨ ਮੈਡੀਕਲ 'ਚ 12ਵੀਂ ਪਾਸ ਕੀਤੀ ਹੈ। 2014 ਵਿੱਚ ਮੋਗਾ ਦੇ 9"9 ਤੋਂ ਡੀਜ਼ਲ ਮਕੈਨਿਕ ਵਿੱਚ ਡਿਪਲੋਮਾ ਕੀਤਾ।

'ਕੌਮ ਦੇ ਰਾਖੇ' ਗਰੁੱਪ ਦਾ ਮੁਖੀ

"ਕੌਮ ਦੇ ਰਾਖੇ"ਨਾਂਅ ਨਾਲ ਆਪਣਾ ਗਰੁੱਪ ਬਣਾਇਆ ਅੰਮ੍ਰਿਤਸਰ 'ਚ ਬੁੱਤ ਤੋੜਣ ਦਾ ਇਲਜ਼ਾਮ

ਅੰਮ੍ਰਿਤਸਰ 'ਚ ਕੇਸ ਦਰਜ

ਅੰਮ੍ਰਿਤਸਰ ਵਿੱਚ ਮੂਰਤੀਆਂ ਨੂੰ ਨੁਕਸਾਨ ਪਹੁੰਚਾਉਣ ਦੇ ਮਾਮਲੇ 'ਚ ਉਸ ਉੱਤੇ ਧਾਰਾ 427 ਹੇਠ ਪਰਚਾ ਦਰਜ ਹੋਇਆ।

ਬਰਨਾਲਾ 'ਚ ਵੀ ਕੇਸ ਦਰਜ

ਧਨੌਲਾ, ਜ਼ਿਲ੍ਹਾ ਬਰਨਾਲਾ ਦੇ ਥਾਣੇ ਵਿੱਚ ਉਸ ਖਿਲਾਫ ਹੋਰ ਕੇਸ ਵੀ ਦਰਜ ਹਨ, ਜਿਨ੍ਹਾਂ ਵਿੱਚ ਧਾਰਾਵਾਂ 323, 341, 506, 148 ਅਤੇ 149 ਸ਼ਾਮਲ ਹਨ।

ਦੱਸ ਦੇਈਏ ਕਿ ਬੀਤੇ ਦਿਨੀਂ ਭਾਬੀ ਕਮਲ ਕੌਰ ਦੇ ਨਾਮ ਨਾਲ ਮਸ਼ਹੂਰ ਕੰਚਨ ਕੁਮਾਰੀ ਦੀ ਆਦੇਸ਼ ਮੈਡੀਕਲ ਯੂਨੀਵਰਸਿਟੀ ਬਠਿੰਡਾ ਦੇ ਨੇੜੇ ਪਾਰਕਿੰਗ ਵਿਚ ਬੰਦ ਗੱਡੀ ਵਿਚ ਲਾਸ਼ ਮਿਲੀ ਸੀ। ਮਿਲੀ ਜਾਣਕਾਰੀ ਅਨੁਸਾਰ ਕਮਲ ਕੌਰ ਦੀ ਲਾਸ਼ ਲਗਭਗ ਦੋ ਤੋਂ ਤਿੰਨ ਦਿਨ ਪੁਰਾਣੀ ਦੱਸੀ ਗਈ। ਦੱਸ ਦਈਏ ਕਿ ਕੰਚਨ ਕੁਮਾਰੀ ਉਰਫ ਕਮਲ ਕੌਰ ਭਾਬੀ ਲੁਧਿਆਣਾ ਦੀ ਰਹਿਣ ਵਾਲੀ ਸੀ। ਕੰਚਨ ਕੁਮਾਰੀ ਸੋਸ਼ਲ ਮੀਡੀਆ ਉਤੇ ਅਸ਼ਲੀਲ ਵੀਡਿਓਜ਼ ਕਾਰਨ ਚਰਚਾ ਵਿਚ ਰਹਿੰਦੀ ਸੀ।

SSP ਅਮਨੀਤ ਕੋਂਡਾਲ ਮੁਤਾਬਕ ਅੰਮ੍ਰਿਤਪਾਲ ਸਿੰਘ ਮਹਿਰੋਂ ਨੇ ਆਪਣੇ ਦੋ ਸਾਥੀਆਂ ਨਾਲ ਮਿਲਕੇ ਇਸ



ਕਤਲ ਨੂੰ ਅੰਜ਼ਾਮ ਦਿੱਤਾ ਹੈ। ਭਾਬੀ ਕਮਲ ਕੌਰ ਨੂੰ ਗੱਡੀ ਦੀ ਪ੍ਰਮੋਸ਼ਨ ਕਰਵਾਉਣ ਦੇ ਬਹਾਨੇ ਬਠਿੰਡਾ ਬੁਲਾਇਆ ਗਿਆ ਤੇ ਫੇਰ ਓਥੇ ਉਸਦਾ ਕਤਲ ਕਰ ਦਿੱਤਾ ਗਿਆ। ਪੁਲਿਸ ਨੇ 2 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਹੁਣ MURDER ਦੇ ਮਾਸਟਰਮਾਈਂਡ ਨਿਹੰਗ ਅੰਮ੍ਰਿਤਪਾਲ ਮਹਿਰੋਂ ਦੀ ਤਲਾਸ਼ ਜਾਰੀ ਹੈ।

ਇਸ ਤੋਂ ਬਾਅਦ ਹੁਣ ਉਹ ਲਗਾਤਾਰ ਹੋਰ ਸ਼ੋਸਲ ਮੀਡੀਆ ਇਨਫਲੂਐਂਸਰਸ ਨੂੰ ਜਾਨੋਂ ਮਾਰਨ ਦੀ ਧਮਕੀ ਦੇ ਰਿਹਾ ਹੈ। ਦੀਪਿਕਾ ਲੂਥਰਾ ਤੋਂ ਬਾਅਦ ਹੁਣ ਪ੍ਰੀਤ ਜੱਟੀ ਨੂੰ ਵੀ ਜਾਨੋਂ ਮਾਰਨ ਦੀ ਧਮਕੀ ਮਿਲੀ ਹੈ, ਜਿਸ ਤੋਂ ਬਾਅਦ ਇਨਫਲੂਐਂਸਰਸ ਡਰੇ ਹੋਏ ਹਨ।

## ਕਮਲ ਕੌਰ ਕਤਲ ਕੇਸ ਦੇ ਮਾਸਟਰਮਾਈਂਡ ਨਿਹੰਗ ਅੰਮ੍ਰਿਤਪਾਲ ਮਹਿਰੋਂ ਵਿਰੁੱਧ ਲੁੱਕਆਊਟ ਨੋਟਿਸ ਜਾਰੀ



(ਲੋਕ ਬਾਣੀ) ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਬਠਿੰਡਾ ਐਸਐਸਪੀ ਅਮਨੀਤ ਕੌਂਡਲ ਨੇ ਦੱਸਿਆ ਕਿ ਬੀਤੇ ਦਿਨੀਂ ਜਿਸ ਕਮਲ ਕੌਰ ਉਰਫ਼ ਕੰਚਨ ਕੁਮਾਰੀ ਦਾ ਕਤਲ ਹੋਇਆ ਸੀ, ਉਸ ਕੇਸ ਵਿੱਚ ਪੁਲਿਸ ਨੇ ਦੋ ਮੁਲਜ਼ਮਾਂ ਨੂੰ ਕਾਬੂ ਕੀਤਾ ਹੈ।

ਮੀਡੀਆ ਨੂੰ ਐਸਐਸਪੀ ਨੇ ਦੱਸਿਆ ਕਿ ਜਸਪ੍ਰੀਤ ਸਿੰਘ ਨੇ ਆਪਣੇ ਕਮਰਕੱਸੇ ਨਾਲ ਕਮਲ ਕੌਰ ਦਾ ਗਲਾ ਘੁੱਟਿਆ। ਪੁਲਿਸ ਨੇ ਇਹ ਵੀ ਦੱਸਿਆ ਕਿ ਇਸ ਕਤਲ ਦੀ ਪੂਰੀ ਸਾਜ਼ਿਸ਼ ਨਿਹੰਗ ਅੰਮ੍ਰਿਤਪਾਲ ਸਿੰਘ ਮਹਿਰੋਂ ਨੇ ਰਚੀ ਸੀ।

ਪੁਲਿਸ ਨੇ ਦੱਸਿਆ ਕਿ ਇਸ ਕਤਲ ਨੂੰ 9-10 ਜੂਨ ਦੀ ਦਰਮਿਆਨੀ ਰਾਤ ਅੰਜ਼ਾਮ ਦਿੱਤਾ ਗਿਆ। ਪੁਲਿਸ ਨੇ ਦੋ ਮੁਲਜ਼ਮ ਕਾਬੂ ਕਰ ਲਏ ਹਨ, ਜਦਕਿ ਅੰਮ੍ਰਿਤਪਾਲ ਮਹਿਰੋਂ ਦੀ ਭਾਲ ਜਾਰੀ ਹੈ। ਪੁਲਿਸ ਉਸ ਦੀ ਭਾਲ 'ਚ ਜਗ੍ਹਾ-ਜਗ੍ਹਾ ਛਾਪੇਮਾਰੀ ਕਰ ਰਹੀ ਹੈ।


ਪੁਲਿਸ ਨੇ ਮਾਮਲੇ ਦਾ ਖੁਲਾਸਾ ਕਰਦੇ ਹੋਏ ਦੱਸਿਆ ਕਿ ਕਮਲ ਕੌਰ ਨੂੰ ਪ੍ਰਮੋਸ਼ਨ ਦੇ ਬਹਾਨੇ ਬਠਿੰਡਾ ਬੁਲਾਇਆ ਗਿਆ ਸੀ। ਪੁਲਿਸ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 11 ਜੂਨ ਦੀ ਸ਼ਾਮ ਕਰੀਬ 7 ਵਜੇ ਡਿਸਟ੍ਰਿਕਟ ਕੰਟਰੋਲ ਰੂਮ 'ਤੇ ਕਾਲ ਆਈ ਸੀ ਕਿ ਆਦੇਸ਼ ਹਸਪਤਾਲ ਦੀ ਪਾਰਕਿੰਗ 'ਚ ਗੱਡੀ 'ਚ ਮਹਿਲਾ ਦੀ ਲਾਸ਼ ਪਈ ਹੋਈ ਹੈ ਤੇ ਬਦਬੂ ਆ ਰਹੀ ਹੈ। ਪੁਲਿਸ ਮੌਕੇ ਤੇ ਲਾਸ਼ ਨੂੰ ਬਰਾਮਦ ਕੀਤਾ ਤੇ ਮੋਰਚਰੀ 'ਚ ਰੱਖਵਾ ਦਿੱਤਾ।

ਇਸ ਤੋਂ ਬਾਅਦ ਲਾਸ਼ ਦੀ ਪਹਿਚਾਣ ਕਮਲ ਕੌਰ ਦੀ ਮਾਤਾ ਗਿਰਿਜਾ ਨੇ ਕੀਤੀ। ਮ੍ਰਿਤਕ ਦੀ ਮਾਂ ਨੇ ਦੱਸਿਆ ਕਿ ਉਨ੍ਹਾਂ ਦੇ ਘਰ ਇੱਕ ਅੰਮ੍ਰਿਤਪਾਲ ਸਿੰਘ ਨਾਂ ਦਾ ਸ਼ਖਸ ਆਇਆ ਸੀ ਤੇ ਉਸ ਨੇ ਸ਼ੋਅਰੂਮ ਦੀ ਪ੍ਰਮੋਸ਼ਨ ਲਈ ਕਮਲ ਕੌਰ ਨੂੰ ਬਠਿੰਡਾ ਬੁਲਾਉਣ ਦੀ ਗੱਲ ਕੀਤੀ, ਪਰ ਉਸ ਸਮੇਂ ਕਮਲ ਘਰ ਨਹੀਂ ਸੀ।

# ਇੰਸਟਾਗ੍ਰਾਮ ਤੇ ਅਸ਼ਲੀਲ ਵੀਡੀਓ ਪਾਉਣ ਵਾਲੀ ਕਮਲ ਭਾਬੀ ਦੇ ਕਤਲ ਵਾਲੀ ਗੁੱਥੀ ਸੁਲਝੀ, ਨਿਹੰਗ ਮਹਿਰੋਂ ਨੂੰ ਫੜਨ ਲਈ ਕੀਤੀ ਜਾ ਰਹੀ ਛਾਪੇਮਾਰੀ:-ਐਸਐਸਪੀ

(ਲੋਕ ਬਾਣੀ) ਪੰਜਾਬ ਦੇ ਬਠਿੰਡਾ ਵਿੱਚ ਇੰਸਟਾਗ੍ਰਾਮ ਤੇ ਅਸ਼ਲੀਲਤਾ ਫੈਲਾਉਣ ਵਾਲੀ ਕਮਲ ਕੌਰ ਭਾਬੀ,ਕੰਚਨ ਕੁਮਾਰੀ ਦੇ ਕਤਲ ਨੂੰ ਲੈਕੇ ਜਿਥੇ ਨਿਹੰਗ ਅੰਮ੍ਰਿਤਪਾਲ ਸਿੰਘ ਮਹਿਰੋਂ ਦੇ ਖੁਲਾਸੇ ਕਰਨ ਤੋਂ ਬਾਅਦ, ਬਠਿੰਡਾ ਦੀ ਐਸ ਐਸ ਪੀ ਅਮਨੀਤ ਕੌਂਡਲ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਇਸ ਵਾਰਦਾਤ ਦਾ ਮੁੱਖ ਸਾਜ਼ਿਸ਼ਘਾੜਾ ਨਿਹੰਗ ਅੰਮ੍ਰਿਤਪਾਲ ਸਿੰਘ ਮਹਿਰੋਂ ਹੈ। ਉਨ੍ਹਾਂ ਦੱਸਿਆ ਕਿ ਫਿਲਹਾਲ ਉਹ ਪੁਲੀਸ ਦੀ ਗ੍ਰਿਫ਼ਤ 'ਚੋਂ ਬਾਹਰ ਹੈ। ਪੁਲੀਸ ਨੇ ਕਤਲ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਉਸ ਦੇ ਦੋ ਸਾਥੀਆਂ ਨਿਮਰਤਜੀਤ ਸਿੰਘ ਅਤੇ ਜਸਪ੍ਰੀਤ ਸਿੰਘ ਨੂੰ ਕਾਬੂ ਕਰ ਲਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਅੰਮ੍ਰਿਤਪਾਲ ਸਿੰਘ ਮਹਿਰੋਂ ਦੀ ਗ੍ਰਿਫ਼ਤਾਰੀ ਲਈ ਪੁਲੀਸ ਟੀਮਾਂ ਸਰਗਰਮੀ ਨਾਲ ਉਸ ਦੀ ਭਾਲ ਵਿਚ ਲੱਗੀਆਂ ਹੋਈਆਂ ਹਨ ਅਤੇ ਉਸ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਐੱਸਐੱਸਪੀ ਨੇ ਦੱਸਿਆ ਕਿ ਕੰਚਨ ਕੁਮਾਰੀ ਨੂੰ ਸਾਜ਼ਿਸ਼ ਤਹਿਤ ਬਠਿੰਡਾ ਬੁਲਾਇਆ ਗਿਆ। ਇੱਥੇ ਉਸ ਨੂੰ ਫਾਹਾ ਲਾ ਕੇ ਮਾਰਨ ਤੋਂ ਬਾਅਦ ਉਸ ਦੀ ਲਾਸ਼ ਕਾਰ ਵਿਚ ਪਾ ਕੇ, ਕਾਰ ਆਦੇਸ਼ ਹਸਪਤਾਲ ਦੀ ਪਾਰਕਿੰਗ ਵਿੱਚ ਖੜ੍ਹੀ ਕਰ ਦਿੱਤੀ। ਉਨ੍ਹਾਂ ਦੱਸਿਆ ਕਿ ਇਹ ਵਾਰਦਾਤ 9 ਅਤੇ 10 ਜੂਨ ਦੀ ਰਾਤ ਨੂੰ ਹੋਈ।



ਐੱਸਐੱਸਪੀ ਕਿਹਾ ਕਿ ਕਾਤਲਾਂ ਨੂੰ ਰੰਝ ਸੀ ਕਿ ਕੰਚਨ ਕੁਮਾਰੀ ਸੋਸ਼ਲ ਮੀਡੀਆ 'ਤੇ ਲੱਚਰਤਾ ਪਰੋਸ ਰਹੀ ਸੀ ਅਤੇ ਇਸੇ ਕਰਕੇ ਉਸ ਦਾ ਕਤਲ ਕੀਤਾ ਗਿਆ

## RSS-BJP ਸੰਵਿਧਾਨ ਅਤੇ ਰਾਖਵੇਂਕਰਨ ਦੇ ਵਿਰੁੱਧ: ਵੜਿੰਗ




ਸ਼ਾਮ ਚੌਰਾਸੀ (ਹੁਸ਼ਿਆਰਪੁਰ) (ਲੋਕ ਬਾਣੀ) ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਅੱਜ ਦੋਸ਼ ਲਗਾਇਆ ਹੈ ਕਿ ਆਰ. ਐਸ.ਐਸ ਅਤੇ ਭਾਜਪਾ (RSS-BJP) ਨੇ ਕਦੇ ਵੀ ਦੇਸ਼ ਦੇ ਸੰਵਿਧਾਨ ਨੂੰ ਸਵੀਕਾਰ ਨਹੀਂ ਕੀਤਾ ਹੈ,ਕਿਉਂਕਿ ਇਹ ਹਮੇਸ਼ਾ ਤੋਂ ਇਸਦੇ ਵਿਰੁਧ ਅਤੇ ਰਾਖਵੇਂਕਰਨ ਦਾ ਵੀ ਵਿਰੋਧ ਕੀਤਾ ਹੈ।

ਇੱਥੇ ਸਾਬਕਾ ਵਿਧਾਇਕ ਪਵਨ ਆਧੀਆ ਦੁਆਰਾ ਆਯੋਜਿਤ 'ਸੰਵਿਧਾਨ ਬਚਾਓ ਰੈਲੀ' ਨੂੰ ਸੰਬੋਧਨ ਕਰਦੇ ਹੋਏ, ਵੜਿੰਗ ਨੇ ਕਿਹਾ ਕਿ ਕਾਂਗਰਸ ਦੇ ਕਾਰਨ ਹੀ ਸੰਵਿਧਾਨ ਅਤੇ ਰਾਖਵੇਂਕਰਨ ਨੂੰ ਬਚਾਇਆ ਅਤੇ ਸੁਰੱਖਿਅਤ ਰੱਖਿਆ ਗਿਆ ਹੈ। ਨਹੀਂ ਤਾਂ, ਭਾਜਪਾ ਸੰਵਿਧਾਨ ਨੂੰ ਬਦਲਣ ਦੇ ਆਪਣੇ ਇਰਾਦਿਆਂ ਨਾਲ ਅੱਗੇ ਵਧਦੀ। ਉਨ੍ਹਾਂ ਇਸ ਵੱਲ ਇਸ਼ਾਰਾ ਕਰਦੇ ਹੋਏ ਕਿਹਾ ਕਿ ਪਾਰਟੀ ਸਿਰਫ ਇਸ ਮਕਸਦ ਨਾਲ 400+ ਸੰਸਦੀ ਸੀਟਾਂ ਦੀ ਮੰਗ ਕਰ ਰਹੀ ਸੀ।

ਪ੍ਰਦੇਸ਼ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਕਾਂਗਰਸ ਦੁਆਰਾ ਸ਼ੁਰੂ ਕੀਤੀ ਗਈ ਦੇਸ਼ਵਿਆਪੀ ਮੁਹਿੰਮ ਅਤੇ ਰਾਹੁਲ ਗਾਂਧੀ ਦੁਆਰਾ ਕੀਤੇ ਗਏ ਹਮਲਾਵਰ ਬਚਾਅ ਦੇ ਕਾਰਨ, ਭਾਜਪਾ ਸਿਰਫ 240 ਸੀਟਾਂ 'ਤੇ ਸਿਮਟ ਗਈ ਹੈ ਅਤੇ ਸੰਵਿਧਾਨ ਬਚ ਗਿਆ ਹੈ। ਸਿਰਫ ਇਹੋ ਨਹੀਂ, 10 ਸਾਲਾਂ ਵਿੱਚ ਪਹਿਲੀ ਵਾਰ, ਨਰਿੰਦਰ ਮੋਦੀ ਨੂੰ ਸੰਵਿਧਾਨ ਅੱਗੇ ਝੁਕਣ ਲਈ ਮਜਬੂਰ ਕੀਤਾ ਗਿਆ ਹੈ।

ਵੜਿੰਗ ਨੇ ਰਾਖਵੇਂਕਰਨ ਨੂੰ ਖਤਮ ਕਰਨ ਦੇ ਭਾਜਪਾ ਦੇ ਮਨਸੂਬਿਆਂ ਵਿਰੁੱਧ ਚੇਤਾਵਨੀ ਦਿੱਤੀ। ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਜਾਣਬੁੱਝ ਕੇ ਸਰਕਾਰੀ ਵਿਭਾਗਾਂ ਵਿੱਚ ਖਾਲੀ ਅਸਾਮੀਆਂ ਨਹੀਂ ਭਰ ਰਹੀ ਹੈ, ਕਿਉਂਕਿ ਉਹ ਦਲਿਤਾਂ ਅਤੇ ਓਬੀਸੀ ਵਰਗੀਆਂ ਰਾਖਵੀਆਂ ਸ਼੍ਰੇਣੀਆਂ ਨੂੰ ਰਾਖਵਾਂਕਰਨ ਲਾਭ ਨਹੀਂ ਦੇਣਾ ਚਾਹੁੰਦੀ ਹੈ।

# ਕਮਿਸ਼ਨਰੇਟ ਪੁਲਿਸ ਵੱਲੋਂ 46 ਨਾਕਿਆਂ ਅਤੇ 23 ਪੁਲਿਸ ਗਸ਼ਤ ਟੀਮਾਂ ਨਾਲ ਰਾਤ ਸਮੇਂ ਕੀਤੀ ਜਾ ਰਹੀ ਸ਼ਹਿਰ ਦੀ ਸੁਰੱਖਿਆ : ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ

ਜਲੰਧਰ, : ਰਾਤ ਸਮੇਂ ਸ਼ਹਿਰ ਵਾਸੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜਲੰਧਰ ਕਮਿਸ਼ਨਰੇਟ ਪੁਲਿਸ ਵੱਲੋਂ 46 ਨਾਕਿਆਂ ਅਤੇ 23 ਸਰਗਰਮ ਪੁਲਿਸ ਪੈਟਰੋਲਿੰਗ ਟੀਮਾਂ ਰਾਹੀਂ ਬਾਜ਼ ਅੱਖ ਰੱਖੀ ਜਾ ਰਹੀ ਹੈ। ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਕਿਹਾ ਕਿ ਜਦੋਂ ਸ਼ਹਿਰ ਵਾਸੀ ਰਾਤ ਨੂੰ ਸੌਂ ਰਹੇ ਹੁੰਦੇ ਹਨ ਤਾਂ ਕਮਿਸ਼ਨਰੇਟ ਪੁਲਿਸ ਚੌਕਸ ਰਹਿੰਦੇ ਹੋਏ ਇਹ ਯਕੀਨੀ ਬਣਾਉਂਦੀ ਹੈ ਕਿ ਹਨੇਰੇ ਹਨੇਰੇ ਦੀ ਆੜ ਵਿੱਚ ਕੋਈ ਵੀ ਜਗ੍ਹਾ ਬਿਨਾਂ ਚੈਕਿੰਗ ਤੋਂ ਨਾ ਰਹੇ ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਹਰੇਕ ਰਾਤ ਨੂੰ ਸ਼ਹਿਰ ਦੀਆਂ ਵੱਖ-ਵੱਖ ਥਾਵਾਂ 'ਤੇ 46 ਰੋਟੇਟਿੰਗ ਨਾਕੇ ਸਥਾਪਤ ਕੀਤੇ ਜਾਂਦੇ। ਉਨ੍ਹਾਂ ਕਿਹਾ ਕਿ ਇਹ ਨਾਕੇ ਸਖ਼ਤ ਨਿਗਰਾਨੀ ਰੱਖਣ ਅਤੇ ਗੈਰ ਕਾਨੂੰਨੀ ਗਤੀਵਿਧੀਆਂ ਨੂੰ ਰੋਕਣ, ਖਾਸ ਕਰ ਅੱਧੀ ਰਾਤ ਅਤੇ ਸਵੇਰ ਦੇ ਪਹਿਲੇ ਘੰਟਿਆਂ ਦੌਰਾਨ ਨਸ਼ਾ ਸਮੱਗਲਰਾਂ ਦੀਆਂ ਗਤੀਵਧੀਆਂ ਨੂੰ ਰੋਕਣ ਲਈ ਲਗਾਏ ਜਾਂਦੇ ਹਨ।

ਉਨ੍ਹਾਂ ਦੱਸਿਆ ਕਿ ਨਾਕਿਆਂ ਤੋਂ ਇਲਾਵਾ 23 ਪੈਟਰੋਲਿੰਗ ਵਾਹਨ, ਜਿਨ੍ਹਾਂ ਵਿੱਚ ਜੈਬਰਾ ਕਾਰਾਂ ਅਤੇ ਮੋਟਰਸਾਈਕਲ ਸ਼ਾਮਿਲ ਹਨ, ਕਿਸੇ ਵੀ ਹੰਗਾਮੀ ਹਲਾਤ ਨਾਲ ਨਜਿੱਠਣ ਲਈ ਲਗਾਤਾਰ ਦੌਰੇ 'ਤੇ ਰਹਿੰਦੇ ਹਨ। ਉਨ੍ਹਾਂ ਦੱਸਿਆ ਕਿ 60 ਤੋਂ ਵੱਧ ਨਾਨ ਗਜ਼ਟਿਡ ਅਫ਼ਸਰ (ਐਨ.ਜੀ.ਓਜ਼) ਦੇ ਨਾਲ ਗਜ਼ਟਿਡ ਅਫ਼ਸਰਾਂ ਅਤੇ ਐਸ.ਐਚ.ਓਜ਼ ਨੂੰ ਪੂਰੀ ਰਾਤ ਨਿਗਰਾਨੀ ਓਪਰੇਸ਼ਨ ਦੀ ਨਜ਼ਰਸਾਨੀ ਤਾਇਨਾਤ ਕੀਤਾ ਗਿਆ ਹੈ।



ਜਲੰਧਰ ਕਮਿਸ਼ਨਰੇਟ ਦੀ ਸ਼ਹਿਰ ਵਾਸੀਆਂ ਦੀ ਸੁਰੱਖਿਆ ਪ੍ਰਤੀ ਵਚਨਬੱਧਤਾ ਦੁਹਰਾਉਂਦਿਆਂ ਪੁਲਿਸ ਕਮਿਸ਼ਨਰ ਨੇ ਜ਼ੋਰ ਦਿੰਦਿਆਂ ਕਿਹਾ ਕਿ ਅਮਨ-ਕਾਨੂੰਨ ਦੀ ਸਥਿਤੀ ਨੂੰ ਬਹਾਲ ਰੱਖਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਰਾਤ ਸਮੇਂ ਪੁਲਿਸ ਵੱਲੋਂ ਪੂਰੀ ਮੁਸਤੈਦੀ ਨਾਲ ਨਿਭਾਈ ਜਾ ਰਹੀ ਡਿਊਟੀ ਗੈਰ ਸਮਾਜਿਕ ਤੱਤਾਂ ਵੱਲੋਂ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ 'ਤੇ ਲਗਾਮ ਲਗਾਉਂਦੀ ਹੈ, ਉਥੇ ਹੀ ਕਿਸੇ ਵੀ ਘਟਨਾ ਦੌਰਾਨ ਪਹੁੰਚਣ ਦੇ ਸਮੇਂ ਨੂੰ ਵੀ ਘੱਟ ਕਰਦੀ ਹੈ।

ਉਨ੍ਹਾਂ ਕਿਹਾ ਕਿ ਜਲੰਧਰ ਕਮਿਸ਼ਨਰੇਟ ਪੁਲਿਸ 24 ਘੰਟੇ ਸ਼ਹਿਰ ਵਾਸੀਆਂ ਦੀ ਸੁਰੱਖਿਆ ਅਤੇ ਸੁਰੱਖਿਅਤ ਵਾਤਾਵਰਣ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।

# ਏਐੱਸਆਈ ਗੁਰਵਿੰਦਰ ਸਿੰਘ ਨੂੰ ਤਰੱਕੀ ਦੇ ਕੇ ਬਣਾਇਆ ਸਬ ਇੰਸਪੈਕਟਰ



ਡੇਰਾਬੱਸੀ,(ਲੋਕ ਬਾਣੀ )
ਮੁਬਾਰਕਪੁਰ ਪੁਲਿਸ ਚੌਕੀ ਦੇ ਇੰਚਾਰਜ ਏਐੱਸਆਈ ਗੁਰਵਿੰਦਰ ਸਿੰਘ ਜਿਨ੍ਹਾਂ ਨੇ ਆਪਣੀ ਡਿਊਟੀ ਬੜੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਈ। ਜਿਸ ਤੋਂ ਬਾਅਦ ਉਨ੍ਹਾਂ ਨੂੰ ਤਰੱਕੀ ਦੇਕੇ ਸਬ ਇੰਸਪੈਕਟਰ ਬਣਾ ਦਿੱਤਾ ਹੈ। ਉਨ੍ਹਾਂ ਦੀ ਇਸ ਤਰੱਕੀ ਨਾਲ ਪੁਲਿਸ ਵਿਭਾਗ ਵਿੱਚ ਖੁਸ਼ੀ ਦੀ ਲਹਿਰ ਹੈ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।

ਗੁਰਵਿੰਦਰ ਸਿੰਘ ਨੇ ਮੁਬਾਰਕਪੁਰ ਚੌਕੀ ਵਿੱਚ ਰਹਿੰਦਿਆਂ ਕਈ ਅਹਿਮ ਕੇਸਾਂ ਨੂੰ ਸੁਲਝਾਇਆ ਅਤੇ ਇਲਾਕੇ ਵਿੱਚ ਅਮਨ-ਕਾਨੂੰਨ ਬਣਾਈ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਉਨ੍ਹਾਂ ਦੀ ਇਸ ਕਾਰਗੁਜ਼ਾਰੀ ਨੂੰ ਦੇਖਦੇ ਹੋਏ ਐੱਸਐੱਸਪੀ ਮੁਹਾਲੀ ਹਰਮਨ ਹਾਂਸ ਵੱਲੋਂ ਉਨ੍ਹਾਂ ਨੂੰ ਇਹ ਤਰੱਕੀ ਦਿੱਤੀ ਗਈ ਹੈ। ਇਸ ਮੌਕੇ ਗੁਰਵਿੰਦਰ ਸਿੰਘ ਨੇ ਕਿਹਾ ਕਿ ਉਹ ਆਪਣੀ ਇਸ ਨਵੀਂ ਜ਼ਿੰਮੇਵਾਰੀ ਨੂੰ ਵੀ ਪੂਰੀ ਲਗਨ ਅਤੇ ਇਮਾਨਦਾਰੀ ਨਾਲ ਨਿਭਾਉਣਗੇ ਅਤੇ ਲੋਕਾਂ ਦੀ ਸੇਵਾ ਲਈ ਹਮੇਸ਼ਾ ਤਿਆਰ ਰਹਿਣਗੇ। ਉਨ੍ਹਾਂ ਨੇ ਐੱਸਐੱਸਪੀ ਮੁਹਾਲੀ ਹਰਮਨ ਹਾਂਸ ਦਾ ਧੰਨਵਾਦ ਕੀਤਾ ਅਤੇ ਭਰੋਸਾ ਦਿਵਾਇਆ ਕਿ ਉਹ ਭਵਿੱਖ ਵਿੱਚ ਵੀ ਆਪਣੇ ਫਰਜ਼ਾਂ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਥਾਣਾ ਮੁਖੀ ਡੇਰਾਬੱਸੀ ਸੁਮਿਤ ਮੋਰ ਵੀ ਵਿਸ਼ੇਸ਼ ਤੌਰ ਤੇ ਮੌਜੂਦ ਸਨ।

# ਮਲੇਰਕੋਟਲਾ ਰੋਡ ਨੇੜੇ ਬਾਈਪਾਸ ਤੇ ਲਗਾਈ ਗਈ ਠੰਡੇ ਮਿੱਠੇ ਪਾਣੀ ਦੀ ਛਬੀਲ ਅਤੇ ਨਾਲ ਛੋਲਿਆਂ ਦਾ ਪਰਸਾਦ



ਧੂਰੀ(ਲੋਕ ਬਾਣੀ ) ਮਲੇਰਕਟਲਾ ਰੋਡ ਨੇੜੇ ਬਾਈਪਾਸ ਤੇ ਨੌਜਵਾਨਾਂ ਨੇ ਦਿਨ ਪ੍ਰਤੀ ਦਿਨ ਵੱਧਦੀ ਗਰਮੀ ਨੂੰ ਦੇਖਦੇ ਹੋਏ ਸਵੇਰੇ 6 ਵਜੇ ਤੋਂ ਲੈ ਕੇ ਸ਼ਾਮ ਦੇ 6 ਵਜੇ ਤੱਕ ਰਾਹਗੀਰਾਂ ਲਈ ਠੰਡੇ ਮਿੱਠੇ ਪਾਣੀ ਦੀ ਛਬੀਲ ਲਗਾਈ ਗਈ ਅਤੇ ਨਾਲ ਛੋਲਿਆ ਦਾ ਪ੍ਰਸਾਦ ਵੀ ਲੰਗਰ ਲਗਾਇਆ ਗਿਆ ਨੌਜਵਾਨਾਂ ਦਾ ਅਨੇਕ ਉਪਰਾਲਾ ਹੈ ਮਾਨਵਤਾ ਦੀ ਸੇਵਾ ਉੱਤਮ ਸੇਵਾ ਹੈ ਇਸ ਮੌਕੇ ਸਮੂਹ ਮਹੱਲਾ ਨਿਵਾਸੀ ਹਾਜ਼ਰ ਅਤੇ ਮਲੇਰ ਕੋਟਲਾ ਮਾਰਕੀਟ ਦੇ ਸੂਮਹ ਮੈਂਬਰ ਹਾਜ਼ਰ ਸਨ

# -ਖੇਤਰੀ ਟਰਾਂਸਪੋਰਟ ਅਫਸਰ ਨੇ ਕੀਤੀ ਵਾਹਨਾਂ ਦੀ ਚੈਕਿੰਗ



ਬਰਨਾਲਾ, (ਲੋਕ ਬਾਣੀ ) ਖੇਤਰੀ ਟਰਾਂਸਪੋਰਟ ਅਫ਼ਸਰ ਸ਼੍ਰੀ ਹਰਪ੍ਰੀਤ ਸਿੰਘ ਅਟਵਾਲ ਨੇ ਵਾਹਨਾਂ ਦੀ ਚੈਕਿੰਗ ਕੀਤੀ ਜਿਸ ਦੌਰਾਨ ਵਾਹਨਾਂ ਦੇ ਦਸਤਾਵੇਜ਼ਾਂ ਅਤੇ ਲੋਡ ਨਾਲੋਂ ਵੱਧ ਭਾਰ ਢੋਣ ਵਾਲੇ ਵਾਹਨਾਂ ਦੇ ਚਲਾਨ ਕੱਟੇ । ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਕੁੱਲ 8 ਵਾਹਨ ਦਸਤਾਵੇਜ਼ ਪੂਰਾ ਨਾ ਹੋਣ ਕਰਕੇ ਜਬਤ ਕੀਤੇ ਗਏ ਅਤੇ ਉਨ੍ਹਾਂ ਦਾ ਕੁੱਲ 376000 ਰੁਪਏ ਦਾ ਚਲਾਨ ਕੱਟਿਆ ਗਿਆ।

ਉਨ੍ਹਾਂ ਵਾਹਨਾਂ ਦੇ ਡਰਾਇਵਰਾਂ ਅਤੇ ਮਾਲਕਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਵੱਲੋਂ ਲਾਜ਼ਮੀ ਕਰਾਰ ਦਿੱਤੇ ਗਏ ਦਸਤਾਵੇਜ਼ ਆਪਣੇ ਕੋਲ ਅੱਪਡੇਟ ਰੱਖਣ। ਨਾਲ ਹੀ ਉਨ੍ਹਾਂ ਕਿਹਾ ਕਿ ਇਹ ਚੈਕਿੰਗ ਲੋਕਾਂ ਨੂੰ ਗੱਡੀਆਂ ਸਬੰਧੀ ਕਾਗਜ਼ਾਤ, ਗੱਡੀਆਂ ਦੇ ਸਾਂਭ ਸੰਭਾਲ ਅਤੇ ਸਰਕਾਰ ਦੇ ਨਿਰਦੇਸ਼ਾਂ ਬਾਰੇ ਜਾਣੂ ਕਰਨ ਲਈ ਨਿਰੰਤਰ ਕੀਤੀ ਜਾ ਰਹੀ ਹੈ।


# ਕੈਂਬਰਿਜ ਇੰਟਰਨੈਸ਼ਨਲ ਸਕੂਲ ਪੱਟੀ ਦੇ ਵਿਦਿਆਰਥੀ ਦਮਨਪੀਤ ਸਿੰਘ ਨੇ NEET UG 2025 AIR 450 ਰੈਂਕ ਹਾਸਿਲ ਕੀਤਾ



ਪੱਟੀ(ਹੈਪੀ ਸਭਰਾਂ)
ਨੈਸ਼ਨਲ ਟੈਸਟਿੰਗ ਏਜੰਸੀ (©“1) ਨੇ ©55“ ”7 2025 ਦਾ ਰਿਜ਼ਲਟ ਐਲਾਨ ਦਿੱਤਾ। ਜਿਸ ਵਿੱਚ ਕੈਬਰਿਜ ਇੰਟਰਨੈਸ਼ਨਲ ਸਕੂਲ ਪੱਟੀ ਦੇ ਬਾਰਵੀਂ ਜਮਾਤ ਦੇ ਵਿਦਿਆਰਥੀ ਦਮਨਪੀਤ ਸਿੰਘ ਨੇ ਨੀਟ ਦੀ ਪਰੀਖਿਆ ਵਿੱਚ ਆਲ ਇੰਡਿਆ ਵਿੱਚੋਂ 450 ਰੈਂਕ ਹਾਸਿਲ ਕੀਤਾ। ਵਿਦਿਆਰਥੀ ਦਮਨਪੀ□ਤ ਸਿੰਘ ਨੇ ਨੀਟ ਦੀ ਪਰੀਖਿਆ ਵਿੱਚ ਕੈਮਿਸਟਰੀ ਵਿਸ਼ੇ ਵਿੱਚੋਂ 99.96, ਫਿਜਿਕਸ 99.84 ,ਬਾਇਓਲੌਜੀ 99.97 ਹਾਸਿਲ ਕੀਤੇ ।ਸਕੂਲ ਪ□ਬੰਧਕ ਕਮੇਟੀ ਦੇ ਚੇਅਰਮੈਨ ਮਲਕੀਅਤ ਸਿੰਘ ਜੀ, ਡਾਇਰੈਕਟਰ ਮਨਮੀਤ ਸਿੰਘ ਜੀ, ਡਾਇਰੈਕਟਰ ਬਬਨਦੀਪ ਸਿੰਘ ਜੀ ਅਤੇ ਸਕੂਲ ਪਿ□ਸੀਪਲ ਪਰਵੀਨ ਸ਼ਰਮਾ ਜੀ ਨੇ ਵਿਦਿਆਰਥੀ ਦਮਨਪੀ□ਤ ਸਿੰਘ ਅਤੇ ਉਸਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਤੇ ਕਿਹਾ ਕਿ ਇਹ ਕੈਬਰਿਜ ਇੰਟਰਨੈਸ਼ਨਲ ਸਕੂਲ ਪੱਟੀ ਲਈ ਬਹੁਤ ਖੁਸ਼ੀ ਅਤੇ ਮਾਣ ਵਾਲੀ ਗੱਲ ਹੈ ਕਿ ਉਹਨਾਂ ਦੇ ਸਕੂਲ ਦੇ ਵਿਦਿਆਰਥੀ ਦਮਨਪੀ□ਤ ਸਿੰਘ ਨੇ ਆਲ ਇੰਡੀਆ ਵਿੱਚੋਂ 450 ਰੈਂਕ ਹਾਸਿਲ ਕਰਕੇ ਨੀਟ ਦੀ ਪਰੀਖਿਆ ਪਾਸ ਕੀਤੀ ਹੈ ਅਤੇ ਜਿਲ□ ਵਿੱਚੋਂ ਪਹਿਲਾਂ ਸਥਾਨ ਹਾਸਿਲ ਕੀਤਾ ਹੈ। ਸਕੂਲ ਪਿ□ਸੀਪਲ ਪਰਵੀਨ ਸ਼ਰਮਾ ਜੀ ਨੇ ਕਿਹਾ ਕਿ ਸਾਡੇ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਦਮਨਪੀ□ਤ ਸਿੰਘ ਨੇ ਬੇਸਿਕ ਤੋਂ ਲੈਕੇ ਸਾਰੀ ਪੜਾਈ ਕੈਬਰਿਜ ਇੰਟਰਨੈਸ਼ਨਲ ਸਕੂਲ ਪੱਟੀ ਤੋਂ ਹਾਸਿਲ ਕੀਤੀ ਹੈ ।ਵਿਦਿਆਰਥੀ ਨੇ ਦਸਵੀਂ ਕਲਾਸ ਦੀ ਪਰੀਖਿਆ ਵਿੱਚੋਂ ਵੀ ਜਿਲ੍ਹੇ ਪੱਧਰ ਤੇ ਟੌਪ ਕੀਤਾ ਅਤੇ ਬਾਰਵੀਂ ਜਮਾਤ ਦੇ ਮੈਡੀਕਲ ਵਿਸ਼ੇ ਵਿੱਚੋਂ 95.5□ ਪਾ□ਪਤ ਕੀਤੀ। ਦਮਨਪੀ□ਤ ਸਿੰਘ ਨੇ ਦੱਸਿਆ ਨੀਟ ਪਰੀਖਿਆ ਵਿੱਚ ਟੌਪ ਕਰਨ ਲਈ ਦਿਨ ਰਾਤ ਮਿਹਨਤ ਕੀਤੀ ਅਤੇ ਕਦੇ ਵੀ ਇੱਕ ਪਲ ਵੀ ਅਜਾਈਂ ਨਹੀ ਗੁਆਇਆ। ਸਕੂਲ ਪਿ□ਸੀਪਲ ਪਰਵੀਨ ਸ਼ਰਮਾ ਜੀ ਨੇ ਕਿਹਾ ਕਿ ਵਿਦਿਆਰਥੀ ਦਮਨਪੀ□ਤ ਸਿੰਘ ਹੋਰ ਵਿਦਿਆਰਥੀਆਂ ਲਈ ਮਾਰਗ ਦਰਸ਼ਕ ਹੈ। ਵਿਦਿਆਰਥੀਆਂ ਨੂੰ ਇਸ ਤੋਂ ਸੇਧ ਲੈਣ ਦੀ ਲੋੜ ਹੈ। ਕਿਉਂਕਿ ਦਮਨਪੀ□ਤ ਸਿੰਘ ਨੇ ਅਕਾਦਮਿਕ ਗਤੀਵਿਧੀਆਂ ਦੇ ਨਾਲ ਨਾਲ ਸਕੂਲ ਦੀ ਹੋਰਨਾ ਗਤੀਵਿਧੀਆਂ ਜਿਵੇਂ ਸਪੋਰਟਸ ਵਿੱਚ ਵੀ ਮੈਡਲ ਹਾਸਿਲ ਕੀਤੇ। ਸਕੂਲ ਵਿੱਚ ਹੈੱਡ ਬੁਆਏ ਦੀਆਂ ਜਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਇਆ। ਅਸੀਂ ਬੱਚੇ ਨੂੰ ਨਿੱਜੀ ਤੌਰ ਵਧਾਈ ਦਿੰਦੇ ਹਾਂ ਕਿਉਂਕਿ ਕਿ ਇਸਨੇ ਸਕੂਲ ਦਾ ਹਰ ਕੰਮ ਪੂਰੀ ਮਿਹਨਤ ਨਾਲ ਕੀਤਾ। ਸਕੂਲ ਨੂੰ ਬੱਚੇ ਤੇ ਬਹੁਤ ਫ਼ਖਰ ਹੈ। ਦਮਨਪੀ□ਤ ਸਿੰਘ ਨੇ ਅੱਜ ਆਪਣੇ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ

# ਪਿੰਡ ਮਲਕਪੁਰ ਵਿਖੇ ਕਰਵਾਏ ਜਾ ਰਹੇ ਸਲਾਨਾ ਜੋੜ ਮੇਲੇ ਦੌਰਾਨ ਪ੍ਰਸਿੱਧ ਗਾਇਕ ਜੋੜੀ ਗੁਰਵੀਰ ਸਿੱਧੂ ਤੇ ਬੀਬਾ ਅਮਨ ਵਿਰਕ ਲਗਾਉਣਗੇ ਖੁੱਲ੍ਹਾ ਅਖਾੜਾ - ਬਾਜਵਾ







ਫਗਵਾੜਾ (ਸੁਸ਼ੀਲ ਸ਼ਰਮਾ) ਦਰਬਾਰ ਜੈ ਬਾਬਾ ਪੰਜ ਪੀਰ-ਜਠੇਰੇ ਲੀਰ ਪਿੰਡ ਮਲਕਪੁਰ ਤਹਿਸੀਲ ਫਗਵਾੜਾ ਵਿਖੇ 19 ਅਤੇ 20 ਜੂਨ ਨੂੰ ਕਰਵਾਏ ਜਾ ਰਹੇ ਦੋ ਰੋਜ਼ਾ ਸਲਾਨਾ ਜੋੜ ਮੇਲੇ ਦੇ ਦੂਸਰੇ ਦਿਨ 20 ਜੂਨ ਦਿਨ ਸ਼ੁੱਕਰਵਾਰ ਨੂੰ ਪੰਜਾਬ ਦੀ ਮਸ਼ਹੂਰ ਗਾਇਕ ਜੋੜੀ ਗੁਰਵੀਰ ਸਿੱਧੂ ਤੇ ਬੀਬਾ ਅਮਨ ਵਿਰਕ ਵਲੋਂ ਖੁੱਲ੍ਹਾ ਅਖਾੜਾ ਲਗਾਇਆ ਜਾਵੇਗਾ। ਇਹ ਜਾਣਕਾਰੀ ਦਿੰਦਿਆਂ ਉੱਘੇ ਸਮਾਜ ਸੇਵਕ ਬਲਜੀਤ ਸਿੰਘ ਬਾਜਵਾ ਅਤੇ ਐਨ.ਆਰ.ਆਈ. ਮਨਪ੍ਰੀਤ ਸਿੰਘ ਬਾਜਵਾ ਨੇ ਦੱਸਿਆ ਕਿ ਇਸ ਦਰਬਾਰ ਦੀ ਦੇਸ਼ ਵਿਦੇਸ਼ ਦੀਆਂ ਸੰਗਤਾਂ ਵਿਚ ਬਹੁਤ ਮਾਨਤਾ ਹੈ। ਇੱਥੇ ਸੱਚੇ ਦਿਲੋਂ ਮੰਗੀ ਜਾਣ ਵਾਲੀ ਹਰ ਮੁਰਾਦ ਪੂਰੀ ਹੁੰਦੀ ਹੈ। ਹਰ ਸਾਲ ਇੱਥੇ ਜੂਨ ਮਹੀਨੇ ਭਾਰੀ ਮੇਲਾ ਲੱਗਦਾ ਹੈ। ਜਿਸ ਵਿੱਚ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਵਿਚ ਸੰਗਤਾਂ ਨਤਮਸਤਕ ਹੋਣ ਅਤੇ ਸਜਾਈ ਜਾਣ ਵਾਲੀ ਸੱਭਿਆਚਾਰਕ ਸਟੇਜ ਦਾ ਆਨੰਦ ਮਾਣਨ ਲਈ ਪਹੁੰਚਦੀਆਂ ਹਨ। ਮੇਲੇ ਦੇ ਦੂਸਰੇ ਦਿਨ ਸ਼ਾਮ ਨੂੰ ਛਿੰਜ ਕਰਵਾਈ ਜਾਂਦੀ ਹੈ। ਜਿਸ ਵਿਚ ਪੰਜਾਬ ਦੇ ਨਾਮਵਰ ਪਹਿਲਵਾਨ ਜੋਰ ਅਜਮਾਇਸ਼ ਕਰਦੇ ਹਨ। ਉਹਨਾਂ ਦੱਸਿਆ ਕਿ ਮੇਲੇ ਦੀਆਂ ਤਿਆਰੀਆਂ ਅੰਤਿਮ ਦੌਰ ਵਿੱਚ ਹਨ। ਨਾਲ ਹੀ ਉਹਨਾਂ ਇਲਾਕੇ ਭਰ ਦੀ ਸੰਗਤ ਨੂੰ ਪੁਰਜੋਰ ਅਪੀਲ ਕੀਤੀ ਕਿ ਇਸ ਸਲਾਨਾ ਜੋੜ ਮੇਲੇ ਦੌਰਾਨ ਦਰਬਾਰ ਵਿਖੇ ਨਤਮਸਤਕ ਹੋ ਕੇ ਪੀਰਾਂ ਦਾ ਅਸ਼ੀਰਵਾਦ ਪ੍ਰਾਪਤ ਕਰਨ ਅਤੇ ਸੱਭਿਆਚਰਕ ਮੇਲੇ ਦਾ ਆਨੰਦ ਮਾਣਦੇ ਹੋਏ ਛਿੰਜ ਦੌਰਾਨ ਪਹਿਲਵਾਨਾਂ ਦੀ ਹੌਸਲਾ ਅਫਜਾਈ ਕਰਨ। ਇਸ ਮੌਕੇ ਸੁਖਵਿੰਦਰ ਸਿੰਘ ਸਾਬਕਾ ਸਰਪੰਚ, ਸਤਵਿੰਦਰ ਸਿੰਘ ਘੁੰਮਣ ਸਮਾਜ ਸੇਵਕ, ਲਖਵਿੰਦਰ ਸਿੰਘ ਘੁੰਮਣ ਪੰਚ, ਮਹਿੰਦਰ ਸਿੰਘ ਬਾਜਵਾ ਪੰਚ, ਇੰਦਰਜੀਤ ਸਿੰਘ ਪੰਚ, ਸੁਰਿੰਦਰ ਸਿੰਘ ਪੰਚ, ਜਸਵਿੰਦਰ ਸਿੰਘ ਘੁੰਮਣ, ਗਿਆਨੀ ਦਲਜਿੰਦਰ ਸਿੰਘ, ਜਸਵਿੰਦਰ ਸਿੰਘ ਬਾਜਵਾ, ਨਿਰਮਲ ਸਿੰਘ, ਬਲਵਿੰਦਰ ਸਿੰਘ ਸਾਬਕਾ ਪੰਚ, ਲਖਵਿੰਦਰ ਸਿੰਘ ਬਦੇਸ਼ਾ, ਹਰਿੰਦਰ ਸਿੰਘ ਲਾਡੀ, ਪ੍ਰਦੀਪ ਸਿੰਘ ਬਾਜਵਾ, ਬਲਵੀਰ ਸਿੰਘ ਆਦਿ ਹਾਜਰ ਸਨ।

# ਮਹਿੰਦਰ ਸਿੰਘ ਪਰੂਥੀ ਦੀ ਅਗਵਾਈ ਹੇਠ ਰੋਟਰੀ ਕਲੱਬ ਮਿਡਟਾਊਨ ਵਲੋਂ ਕੀਤੇ ਜਾ ਰਹੇ ਸਮਾਜ ਸੇਵੀ ਕੰਮ ਸਲਾਘਾਯੋਗ-ਡਾ: ਸੰਦੀਪ ਚੌਹਾਣ

ਮਲੇਰਕੋਟਲਾ(ਲੋਕ ਬਾਣੀ ) ਰੋਟਰੀ ਇੰਟਰਨੈਸ਼ਨਲ ਡਿਸਟ੍ਰੀਕ 3090 ਦੇ ਗਵਰਨਰ ਡਾ: ਸੰਦੀਪ ਚੌਹਾਣ ਵਲੋਂ ਰੋਟਰੀ ਕਲੱਬ ਮਲੇਰਕੋਟਲਾ ਮਿਡਟਾਊਨ ਦਾ ਦੌਰਾ ਕੀਤਾ ਗਿਆ।ਇਸ ਮੌਕੇ ਪੀ.ਡੀ.ਜੀ ਅਮਜਦ ਅਲੀ ਵੀ ਮੌਜੂਦ ਸਨ।ਸੀਨੀਅਰ ਰੋਟੇਰੀਅਨ ਸ੍ਰੀ ਰਾਜ ਕੁਮਾਰ ਜਿੰਦਲ ਨੇ ਡਿਸਟ੍ਰੀਕ ਗਵਰਨਰ ਨੂੰ ਜੀ ਆਇਆਂ ਆਖਿਆ।ਕਲੱਬ ਦੇ ਪ੍ਰਧਾਨ ਸ: ਮਹਿੰਦਰ ਸਿੰਘ ਪਰੂਥੀ ਅਤੇ ਸਕੱਤਰ ਅਭੇ ਗੁਪਤਾ ਨੇ ਕਲੱਬ ਵਲੋਂ ਸਾਲ ਵਿਚ ਕੀਤੇ ਸਮਾਜ ਸੇਵੀ ਕੰਮਾਂ ਬਾਰੇ ਡਿਸਟ੍ਰੀਕ ਗਵਰਨਰ ਨੂੰ ਵਿਸਤਾਰ ਵਿਚ ਜਾਣਕਾਰੀ ਦਿੱਤੀ। ਡਾ: ਸੰਦੀਪ ਚੌਹਾਣ ਨੇ ਕਿਹਾ ਕਿ ਕਲੱਬ ਵਲੋਂ ਪ੍ਰਧਾਨ ਮਹਿੰਦਰ ਸਿੰਘ ਪਰੂਥੀ ਦੀ ਅਗਵਾਈ ਹੇਠ ਬਹੁਤ ਵਧੀਆਂ ਕੰਮ ਕੀਤਾ ਜਾ ਰਿਹਾ ਹੈ।ਉਨ੍ਹਾਂ ਇਸ ਮੌਕੇ ਕਲੱਬ ਦੇ ਕੰਮਾਂ ਨੂੰ ਦੇਖਦਿਆਂ ਪਬਲਿਕ ਹਿਤ ਲਈ ਆਰ.ਓ ਸਿਸਟਮ ਵਾਲੇ ਦੋ ਵਾਟਰ ਕੂਲਰ ਜਿੰਨ੍ਹਾਂ ਦੀ ਕੀਮਤ ਇੱਕ ਲੱਖ ਚਾਲੀ ਹਜਾਰ ਦੇ ਕਰੀਬ ਹੈ ਕਲੱਬ ਨੂੰ ਭੇਟ ਕੀਤੇ।ਸ: ਮਹਿੰਦਰ ਸਿੰਘ ਪਰੂਥੀ ਨੇ ਉਕਤ ਕੂਲਰਾਂ ਲਈ ਡਾ: ਸੰਦੀਪ ਚੌਹਾਣ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਕਤ ਕੂਲਰਾਂ ਨੂੰ ਪਬਲਿਕ ਥਾਵਾਂ ਤੇ ਇਨਸਟਾਲ ਕਰਵਾਇਆ ਜਾਵੇਗਾ ਤਾਂ ਜੋ ਵੱਧ ਤੋਂ ਵੱਧ ਲੋਕ ਇੰਨ੍ਹਾਂ ਦਾ ਫਾਇਦਾ ਲੈ ਸਕਣ।ਇਸ ਮੌਕੇ ਕਲੱਬ ਵਲੋਂ ਪ੍ਰਧਾਨ ਮਹਿੰਦਰ ਸਿੰਘ ਪਰੂਥੀ ਨੇ ਡਾ: ਸੰਦੀਪ ਚੌਹਾਣ ਨੂੰ ਪੰਜਾਹ ਹਜਾਰ ਰੁਪੇ ਦਾ ਰੋਟਰੀ ਫਾਊਂਡੇਸ਼ਨ ਦੇ ਨਾਂਅ ਦਾ ਚੈੱਕ ਵੀ ਭੇਟ ਕੀਤਾ।ਇਸ ਮੌਕੇ ਰੋਟੇਰੀਅਨ ਸੁੱਖਪਾਲ ਗਰਗ, ਹੰਸ ਰਾਜ ਡੁਡੇਜਾ, ਨਿਤੀਨ ਜੈਨ ਅਤੇ ਹੋਰ ਰੋਟੇਰੀਅਨ ਹਾਜਰ ਸਨ।



ਫੋਟੋ ਫਾਇਲ..
ਰੋਟਰੀ ਕਲੱਬ ਮਲੇਰਕੋਟਲਾ ਮਿਡਟਾਊਨ ਦੇ ਪ੍ਰਧਾਨ ਮਹਿੰਦਰ ਸਿੰਘ ਪਰੂਥੀ ਅਤੇ ਹੋਰ ਅਹੁਦੇਦਾਰ ਡਿਸਟ੍ਰੀਕ ਗਵਰਨਰ ਡਾ: ਸੰਦੀਪ ਚੌਹਾਣ ਨੂੰ ਰੋਟਰੀ ਫਾਊਂਡੇਸ਼ਨ ਲਈ ਪੰਜਾਹ ਹਜਾਰ ਦਾ ਚੈੱਕ ਭੇਟ ਕਰਦੇ ਹੋਏ ਅਤੇ ਨਾਲ ਹਾਜਰ ਹਨ ਪੀ.ਡੀ.ਜੀ ਅਮਜਦ ਅਲੀ


# ਕੋਵਿਡ ਦੇ ਤਿੰਨ ਨਵੇਂ ਕੇਸ ਆਏ ਸਾਹਮਣੇ

ਅੰਮ੍ਰਿਤਸਰ(ਲੋਕ ਬਾਣੀ ) ਭਾਵੇਂ ਕੋਵਿਡ ਦੇ ਨਵੇਂ ਵੇਰੀਐਂਟ ਦੇ ਤਿੰਨ ਨਵੇਂ ਮਾਮਲੇ ਸਾਹਮਣੇ ਆਏ ਹਨ, ਪਰ ਫਿਰ ਵੀ ਇਹਨਾਂ ਤੋਂ ਘਬਰਾਉਣ ਦੀ ਕੋਈ ਲੋੜ ਨਹੀਂ, ਇਹ ਵਿਚਾਰ ਸਿਵਲ ਸਰਜਨ ਡਾ ਕਿਰਨਦੀਪ ਕੌਰ ਵੱਲੋਂ ਕੋਵਿਡ ਦੇ 3 ਕੇਸਾਂ ਦੀ ਪੁਸ਼ਟੀ ਕਰਨ ਸਮੇਂ ਕਹੇ ਗਏ। ਉਹਨਾਂ ਆਖਿਆ ਕਿ ਇਹ ਤਿੰਨੋ ਕੇਸ ਮੈਡੀਕਲ ਕਾਲਜ ਦੇ ਜੂਨੀਅਰ ਡਾਕਟਰ ਹਨ, ਜੋਕਿ ਇਸ ਸਮੇਂ ਹੋਮ ਆਈਸੋਲੇਟ ਹਨ ਅਤੇ ਬਿਲਕੁਲ ਠੀਕ ਹਨ। ਨਵੇਂ ਵੇਰੀਐਂਟ ਦੇ ਮਰੀਜ਼ ਬਹੁਤ ਜਲਦੀ ਆਪਣੇ ਆਪ ਹੀ ਦੋ ਤਿੰਨ ਦਿਨਾਂ ਦੇ ਵਿੱਚ ਰਿਕਵਰ ਹੋ ਜਾਂਦੇ ਹਨ, ਇਸ ਲਈ ਕੋਵਿਡ ਦੇ ਨਵੇਂ ਵੇਰੀਐਂਟ ਤੋਂ ਘਬਰਾਉਣ ਦੀ ਕੋਈ ਲੋੜ ਨਹੀਂ ਹੈ। ਉਹਨਾ ਆਮ ਜਨਤਾ ਨੂੰ ਅਪੀਲ ਕੀਤੀ ਕਿ ਕੋਵਿਡ ਦੇ ਹਲਕੇ ਲੱਛਣਾਂ ਜਿਵੇਂ ਖਾਂਸੀ, ਜੁਕਾਮ, ਬੁਖਾਰ, ਸਾਹ ਵਿੱਚ ਤਕਲੀਫ ਆਦੀ ਨੂੰ ਨਜ਼ਰ ਅੰਦਾਜ਼ ਨਾ ਕੀਤਾ ਜਾਵੇ। ਭੀੜ ਭਾੜ ਵਾਲੇ ਇਲਾਕਿਆਂ ਵਿੱਚ ਜਾਣ ਤੋਂ ਪਰਹੇਜ਼ ਕੀਤਾ ਜਾਵੇ। ਬਜ਼ੁਰਗਾਂ, ਗਰਭਵਤੀ ਮਾਵਾਂ, ਛੋਟੇ ਬੱਚੇ, ਸ਼ੂਗਰ, ਹਾਈਪਰਟੈਂਸ਼ਨ ਤੇ ਕਿਡਨੀ ਦੇ ਮਰੀਜ਼ ਆਦਿ ਨੂੰ ਆਪਣਾ ਖਾਸ ਧਿਆਨ ਰੱਖਣ ਦੀ ਜਰੂਰਤ ਹੈ। ਉਹਨਾਂ ਆਖਿਆ ਕਿ ਸਮੇਂ ਸਮੇਂ ਤੇ ਆਪਣੇ ਹੱਥਾਂ ਨੂੰ ਚੰਗੀ ਤਰ੍ਹਾਂ ਸਾਬਣ ਨਾਲ ਧੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਲੋੜ ਅਨੁਸਾਰ ਮਾਸਕ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਕੋਈ ਵੀ ਗੰਭੀਰ ਲੱਛਣ ਸਾਹਮਣੇ ਆਉਂਦੇ ਤੁਰੰਤ ਸਰਕਾਰੀ ਸਿਹਤ ਸੰਸਥਾ ਵਿਖੇ ਆਪਣੀ ਜਾਂਚ ਅਤੇ ਇਲਾਜ ਕਰਾਉਣਾ ਚਾਹੀਦਾ। ਇਸ ਤੋਂ ਇਲਾਵਾ ਅਫਵਾਵਾਂ ਅਤੇ ਸੋਸ਼ਲ ਮੀਡੀਆ ਤੇ ਗਲਤ ਜਾਣਕਾਰੀ ਤੋਂ ਬਚਣਾ ਚਾਹੀਦਾ ਹੈ।



# ਆਮ ਆਦਮੀ ਕਲੀਨਿਕ ’ਚ ਗਰਭਵਤੀ ਮਾਵਾਂ ਅਤੇ ਬੱਚਿਆਂ ਨੂੰ ਸਿਹਤ ਸੇਵਾਵਾਂ ਪਹਿਲ ਦੇ ਆਧਾਰ ’ਤੇ ਮਿਲਣਗੀਆਂ: ਡਿਪਟੀ ਕਮਿਸ਼ਨਰ

ਮਾਲੇਰਕੋਟਲਾ,(ਲੋਕ ਬਾਣੀ ) ਗਰਭਵਤੀ ਮਾਵਾਂ ਅਤੇ ਬੱਚਿਆਂ ਨੂੰ ਮੁੱਢਲੀਆਂ ਸਿਹਤ ਸੇਵਾਵਾਂ ਆਮ ਆਦਮੀ ਕਲੀਨਿਕ ‘ਚ ਚਾਲੂ ਕਰ ਦਿੱਤੀਆਂ ਗਈਆਂ ਹਨ। ਇਸ ਸਬੰਧੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਵੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਕਲੀਨਿਕਾਂ ਤੇ ਤਾਇਨਾਤ ਸਮੂਹ ਮੈਡੀਕਲ ਅਫਸਰਾਂ ਲਈ ਸਿਵਲ ਸਰਜਨ ਡਾ. ਸੰਜੇ ਗੋਇਲ ਦੀ ਅਗਵਾਈ ‘ਚ ਇੱਕ ਰੋਜ਼ਾ ਸਿਖਲਾਈ ਕੈਂਪ ਆਯੋਜਿਤ ਕੀਤਾ ਗਿਆ। ਕੈਂਪ ਦੌਰਾਨ ਜ਼ਿਲਾ ਸਿਹਤ ਅਫਸਰ ਡਾ. ਪੁਨੀਤ ਸਿੱਧੂ ਅਤੇ ਔਰਤਾਂ ਦੇ ਰੋਗਾਂ ਦੀ ਮਾਹਿਰ ਡਾ. ਸ਼ੀਨਾ ਚੋਪੜਾ ਵੱਲੋਂ ਆਮ ਆਦਮੀ ਕਲੀਨਿਕਾਂ ਤੇ ਤਾਇਨਾਤ ਮੈਡੀਕਲ ਅਫ਼ਸਰਾਂ ਨੂੰ ਟ੍ਰੇਨਿੰਗ ਦਿੱਤੀ ਗਈ।



ਇਸ ਮੌਕੇ ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਮੁੱਖ ਮਹਿਮਾਨ ਦੇ ਤੌਰ ਤੇ ਹਾਜ਼ਰ ਹੋਏ। ਉਨਾਂ ਆਮ ਆਦਮੀ ਕਲੀਨਿਕ ਦੇ ਡਾਕਟਰਾਂ ਨੂੰ ਗਰਭਵਤੀ ਮਾਵਾਂ ਅਤੇ ਬੱਚਿਆਂ ਨੂੰ ਸਿਹਤ ਸੇਵਾਵਾਂ ਪਹਿਲ ਦੇ ਆਧਾਰ ਤੇ ਦੇਣ ਦੀ ਹਦਾਇਤ ਦਿੱਤੀ ਅਤੇ ਕਿਹਾ ਕਿ ਸੂਬਾ ਸਰਕਾਰ ਦਾ ਮੁੱਖ ਟਿੱਚਾ ਹੈ ਕਿ ਗਰਭਵਤੀ ਮਹਿਲਾਵਾਂ ਦੀ ਮੌਤ ਦਰ ਨੂੰ ਘਟਾਇਆ ਜਾਵੇ। ਉਹਨਾਂ ਮਾਂ ਤੇ ਬੱਚੇ ਦੀਆਂ ਸਿਹਤ ਸੇਵਾਵਾਂ ਵਿੱਚ ਸੁਧਾਰ ਲਿਆਉਣ ਲਈ ਐਂਟੀਨੇਟਲ ਕੇਅਰ ਸਰਵਿਸ ਨੂੰ ਉੱਚ ਦਰਜੇ ਤੇ ਮੁੱਹਈਆਂ ਕਰਵਾਉਣ ਲਈ ਨਿਰਦੇਸ਼ ਦਿੱਤੇ ਤਾਂ ਜੋ ਮਾਂ ਅਤੇ ਬੱਚਾ ਦੋਵੇ ਤੰਦਰੁਸਤ ਰਹਿਣ।

ਇਸ ਮੌਕੇ ਸਹਾਇਕ ਸਿਵਲ ਸਰਜਨ ਡਾ. ਸਜੀਲਾ ਖਾਨ ਨੇ ਕਿਹਾ ਕਿ ਆਮ ਆਦਮੀ ਕਲੀਨਿਕਾਂ ਵਿਚ 23 ਜੂਨ ਤੋਂ ਗਰਭਵਤੀ ਮਾਵਾਂ ਦਾ ਚੈਕਅੱਪ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮਾਤਰੀ ਮੌਤ ਦੇ ਕਈ ਕਾਰਣ ਹਨ ਜਿਵੇਂ ਗਰਭਵਤੀ ਮਹਿਲਾ ਨੂੰ ਗੁੰਝਲਦਾਰ ਡਿਲੀਵਰੀ ਹੋਣ ਤੇ ਉਚੇਰੇ ਹਸਪਤਾਲ ਵਿੱਚ ਜਣੇਪਾ ਕਰਵਾਉਣ ਲਈ ਰੈਫਰ ਕਰਨ ਉਪਰੰਤ ਔਰਤ ਵੱਲੋਂ ਹਸਪਤਾਲ ਨਾ ਜਾਣਾ, ਗਰਭਵਤੀ ਔਰਤ ਵੱਲੋਂ ਕੋਈ ਪੁਰਾਣੀ ਬਿਮਾਰੀ ਹੋਣ ਤੇ ਉਸ ਦੀ ਜਾਣਕਾਰੀ ਨਾ ਦੇਣਾ, ਡਿਲੀਵਰੀ ਤੋਂ ਬਾਅਦ ਜਿਆਦਾ ਖ਼ੂਨ ਪੈਣਾ, ਇੰਫੈਕਸ਼ਨ ਹੋਣਾ, ਜਿਆਦਾ ਬੱਲਡ ਪ੍ਰੈਸ਼ਰ ਹੋਣਾ, ਅਸੁੱਰਖਿਅਤ ਗਰਭਪਾਤ ਆਦਿ ਹੋ ਸਕਦੇ ਹੈ । ਇਸ ਮੌਕੇ ਉਹਨਾਂ ਸਬੰਧਤ ਸਟਾਫ ਨੂੰ ਗਰਭਵਤੀ ਔਰਤਾਂ ਦੇ ਚਾਰ ਐਂਟੀ ਨੇਟਲ ਚੈਕਅੱਪ ਨੂੰ ਯਕੀਨੀ ਬਣਾਉਣ ਅਤੇ ਹਾਈ ਰਿਸਕ ਗਰਭਵਤੀ ਔਰਤਾਂ ਦਾ ਖਾਸ ਧਿਆਨ ਰੱਖਿਆ ਜਾਵੇ। ਉਹਨਾਂ ਕਿਹਾ ਵੀ ਕਿਹਾ ਕਿ ਆਮ ਆਦਮੀ ਕਲੀਨਿਕਾਂ ਵਿਚ ਪੋਸਟ ਨੇਟਲ ਕੇਅਰ ਅਤੇ ਫੈਮਲੀ ਪਲਾਨਿੰਗ ਸਬੰਧੀ ਸੇਵਾਵਾਂ ਵੀ ਦਿੱਤੀਆਂ ਜਾਣਗੀਆਂ।

## 55ਵੀਂ ਵਰ੍ਹੇਗੰਢ ਲੱਖ ਲੱਖ ਵਧਾਈ




ਸ਼ੀਲਾ ਦੇਵੀ ਸਤਬੀਰ ਸਿੰਘ ਦੇ ਵਿਆਹ ਦੀ 55ਵੀਂ ਵਰ੍ਹੇਗੰਢ ਲੱਖ ਲੱਖ ਵਧਾਈ ਹੋਵੇ

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਸੁਧਾਰ ਟਰੱਸਟ ਦੇ ਚੇਅਰਮੈਨ ਰਿੰਟੂ ਨੇ ਰਣਜੀਤ ਐਵੀਨਿਊ ਇਲਾਕੇ ਵਿੱਚ ਸੜਕਾਂ ਦੇ ਪ੍ਰੀਮਿਕਸ ਪਾਉਣ ਦਾ ਉਦਘਾਟਨ ਕੀਤਾ

ਅੰਮ੍ਰਿਤਸਰ, (ਲੋਕ ਬਾਣੀ ) ਨਗਰ ਸੁਧਾਰ ਟਰੱਸਟ ਅੰਮ੍ਰਿਤਸਰ ਦੇ ਚੇਅਰਮੈਨ ਕਰਮਜੀਤ ਸਿੰਘ ਰਿੰਟੂ ਨੇ ਅੱਜ ਅੰਮ੍ਰਿਤ ਆਨੰਦ ਪਾਰਕ ਰਣਜੀਤ ਐਵੇਨਿਊ ਤੋਂ ਸੈਣੀ ਚੌਂਕ ਤੱਕ ਸੜਕ ਬਣਾਉਣ ਦੇ ਵਿਕਾਸ ਕਾਰਜ ਦਾ ਉਦਘਾਟਨ ਕੀਤਾ। ਚੇਅਰਮੈਨ ਰਿੰਟੂ ਨੇ ਕਿਹਾ ਕਿ ਸਾਰੇ ਅਧੂਰੇ ਵਿਕਾਸ ਕਾਰਜ ਪੂਰੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਗੁਰੂ ਨਗਰੀ ਅੰਮ੍ਰਿਤਸਰ ਸ਼ਹਿਰ ਦੇ ਲੋਕਾਂ ਦੀ ਸਹੂਲਤ ਲਈ ਵਿਕਾਸ ਕਾਰਜ ਨਿਰੰਤਰ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਉਨ੍ਹਾਂ ਨੂੰ ਰਣਜੀਤ ਐਵੇਨਿਊ ਏ, ਬੀ, ਸੀ ਅਤੇ ਡੀ ਬਲਾਕ ਦੇ ਨੁਮਾਇੰਦਿਆਂ ਵੱਲੋਂ ਕੁਝ ਵਿਕਾਸ ਕਾਰਜਾਂ ਬਾਰੇ ਦੱਸਿਆ ਗਿਆ ਹੈ, ਜੋ ਆਉਣ ਵਾਲੇ ਦਿਨਾਂ ਵਿੱਚ ਸ਼ੁਰੂ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਵੱਡੀ ਗਿਣਤੀ ਵਿੱਚ ਲੋਕ ਹਰ ਰੋਜ਼ ਨਗਰ ਸੁਧਾਰ ਟਰੱਸਟ ਦਫ਼ਤਰ ਵਿੱਚ ਉਨ੍ਹਾਂ ਨੂੰ ਆਪਣੀਆਂ ਸਮੱਸਿਆਵਾਂ ਲੈ ਕੇ ਮਿਲ ਰਹੇ ਹਨ, ਉਨ੍ਹਾਂ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾ ਰਿਹਾ ਹੈ। ਕਰਮਜੀਤ ਸਿੰਘ ਰਿੰਟੂ ਨੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੀ ਸਰਕਾਰ ਹੈ।




ਉਨ੍ਹਾਂ ਕਿਹਾ ਕਿ ਜਿਨ੍ਹਾਂ ਇਲਾਕਿਆਂ ਵਿੱਚ ਲੋਕ ਕੀਤੇ ਜਾਣ ਵਾਲੇ ਵਿਕਾਸ ਕਾਰਜਾਂ ਬਾਰੇ ਦੱਸਦੇ ਹਨ, ਉੱਥੇ ਵਿਕਾਸ ਕਾਰਜ ਸ਼ੁਰੂ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਉੱਤਰੀ ਵਿਧਾਨ ਸਭਾ ਹਲਕੇ ਵਿੱਚ 100 ਪ੍ਰਤੀਸ਼ਤ ਵਿਕਾਸ ਕਾਰਜ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਅੱਜ ਸੜਕਾਂ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਜੋ ਕਿ ਲਗਾਤਾਰ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਨਗਰ ਨਿਗਮ ਨੇ ਸਫਾਈ ਵਿਵਸਥਾ ਲਈ ਟੈਂਡਰਿੰਗ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਆਉਣ ਵਾਲੇ ਦਿਨਾਂ ਵਿੱਚ ਸ਼ਹਿਰ ਦੀ ਸਫਾਈ ਵਿਵਸਥਾ ਵਿੱਚ ਵੀ ਸੁਧਾਰ ਹੋਵੇਗਾ। ਇਸ ਮੌਕੇ ਸੀਨੀਅਰ ਡਿਪਟੀ ਮੇਅਰ ਪ੍ਰਿਯੰਕਾ ਸ਼ਰਮਾ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਵਿਕਾਸ ਕਾਰਜਾਂ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਸਮੱਸਿਆਵਾਂ ਸੁਣ ਕੇ, ਹਰ ਰੋਜ਼ ਨਿਗਮ ਅਧਿਕਾਰੀਆਂ ਨਾਲ ਮੀਟਿੰਗਾਂ ਕਰਕੇ ਸਮੱਸਿਆਵਾਂ ਦਾ ਹੱਲ ਕੀਤਾ ਜਾ ਰਿਹਾ ਹੈ। ਇਸ ਮੌਕੇ ਕੌਂਸਲਰ ਕਾਜਲ ਬੌਬੀ, ਰਿਤੇਸ਼ ਸ਼ਰਮਾ,ਵਿਸ਼ਾਖਾ ਸਿੰਘ,ਬਲਵਿੰਦਰ ਸਿੰਘ ਕਾਲਾ,ਅਨੇਕ ਸਿੰਘ,ਇੰਜੀਨੀਅਰ ਜਗਜੀਤ ਸਿੰਘ ਸੱਚੂ ਅਤੇ ਇਲਾਕੇ ਦੇ ਵੱਡੀ ਗਿਣਤੀ ਵਿੱਚ ਲੋਕ ਮੌਜੂਦ ਸਨ।

# ਡਾਕਟਰ ਹਰਪਾਲ ਸਿੰਘ ਨੇ ਨਵੇਂ ਸਿਵਲ ਸਰਜਨ ਵਜੋਂ ਅਹੁਦਾ ਸੰਭਾਲਿਆ

ਫਗਵਾੜਾ-(ਸੁਸ਼ੀਲ ਸ਼ਰਮਾ)




ਕਪੂਰਥਲਾ : ਡਾਕਟਰ ਹਰਪਾਲ ਸਿੰਘ ਨੇ ਕਪੂਰਥਲਾ ਦੇ ਨਵੇਂ ਸਿਵਲ ਸਰਜਨ ਵਜੋਂ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਉਨ੍ਹਾਂ ਨਾਲ ਡੀਐਚਓ ਡਾਕਟਰ ਰਾਜੀਵ ਪਰਾਸ਼ਰ, ਡੀਡੀਐਚਓ ਕਪਿਲ ਡੋਗਰਾ,ਸਹਾਇਕ ਸਿਵਲ ਸਰਜਨ ਡਾਕਟਰ ਅੰਨੂ ਸ਼ਰਮਾ, ਡੀਐਫਪੀਓ ਡਾਕਟਰ ਰਵਜੀਤ ਸਿੰਘ ,ਡੀਆਈਓ ਡਾ. ਰਣਦੀਪ ਸਿੰਘ, ਐਸਐਮਓ ਡਾ. ਇੰਦੂ ਬਾਲਾ,ਡਾ ਰਾਜੀਵ ਭਗਤ,ਡਾ ਭਰਮਿੰਦਰ ਬੈਂਸ,ਡਾ ਨਵਪ੍ਰੀਤ ਕੌਰ,ਸੁਪਰਡੈਂਟ ਰਾਮ ਅਵਤਾਰ, ਸੁਪਰਡੈਂਟ ਹਰੀਦੱਤ ਸ਼ਰਮਾ,ਸੀਨੀਅਰ ਸਹਾਇਕ ਪਵਨਦੀਪ ਸਿੰਘ,ਡਿਪਟੀ ਮਾਸ ਮੀਡੀਆ ਅਫ਼ਸਰ ਸ਼ਰਨਦੀਪ ਸਿੰਘ, ਸੁਖਦਿਆਲ ਸਿੰਘ,ਬੀਸੀਸੀ ਜੋਤੀ ਅਨੰਦ,ਰਵਿੰਦਰ ਸਿੰਘ ਆਦਿ ਹਾਜ਼ਰ ਸਨ।

# ਪੰਜਾਬ ਭਵਨ ਸਰੀ ਕੈਨੇਡਾ ਵੱਲੋਂ ਪ੍ਰੋਜੈਕਟ ਨਵੀਆਂ ਕਲਮਾਂ ਨਵੀਂ ਉਡਾਣ ਤਹਿਤ ਬੱਚਿਆਂ ਦਾ ਆਨਲਾਈਨ ਪ੍ਰੋਗਰਾਮ ਕਰਵਾਇਆ ਗਿਆ

ਫਗਵਾੜਾ-(ਸੁਸ਼ੀਲ ਸ਼ਰਮਾ)

ਸ੍ਰੀ ਸੁੱਖੀ ਬਾਠ ਸੰਸਥਾਪਕ ਪੰਜਾਬ ਭਵਨ ਸਰੀ ਕੈਨੇਡਾ ਵੱਲੋਂ ਸ਼ੁਰੂ ਕੀਤੇ ਪ੍ਰੋਜੈਕਟ ਨਵੀਆਂ ਕਲਮਾਂ ਨਵੀਂ ਉਡਾਣ ਨਾਲ ਜੁੜੇ ਵੱਖ ਵੱਖ ਜਿਲਿਆਂ ਤੋਂ ਬਾਲ ਸਹਿਤਕਾਰਾਂ ਦਾ ਆਨਲਾਈਨ ਕਵੀ ਦਰਬਾਰ ਕਰਵਾਇਆ ਗਿਆ। ਪ੍ਰੋਗਰਾਮ ਦੌਰਾਨ ਤਕਰੀਬਨ 29 ਬੱਚਿਆਂ ਨੇ ਆਪਣੀਆਂ ਵੱਖ ਵੱਖ ਵਿਸ਼ਿਆਂ ਤੇ ਰਚਨਾਵਾਂ ਸੁਣਾਈਆਂ। ਮੰਚ ਸੰਚਾਲਣ ਦੀ ਭੂਮਿਕਾ ਬੱਚਿਆਂ ਵੱਲੋਂ ਤਨਮਪ੍ਰੀਤ ਕੌਰ ਗੁਰਦਾਸਪੁਰ ਅਤੇ ਸਮੀਖਸ਼ਾ ਮਾਲੇਰਕੋਟਲਾ ਵੱਲੋਂ ਬਾਖੂਬੀ ਨਿਭਾਈ ਗਈ। ਪ੍ਰੋਗਰਾਮ ਦੀ ਸ਼ੁਰੂਆਤ ਭੀਮ ਸਿੰਘ ਅਨਲਾਇਨ ਟਰੇਨਿੰਗ ਇੰਚਾਰਜ ਅਤੇ ਗੁਰਵਿੰਦਰ ਸਿੰਘ ਕਾਂਗੜ ਸੀਨੀਅਰ ਸਹਿ ਪ੍ਰੋਜੈਕਟ ਇੰਚਾਰਜ ਵੱਲੋਂ ਕੀਤੀ ਗਈ। ਪ੍ਰੋਗਰਾਮ ਦੇ ਸ਼ੁਰੂ ਵਿੱਚ ਸੁਖਮਨ ਕੌਰ ਫਰੀਦਕੋਟ ਵੱਲੋਂ ਗੀਤ ਨਾਨੀ ਪੇਸ਼ ਕੀਤਾ ਗਿਆ। ਅੱਗੇ ਲੜੀਵਾਰ ਦੇ ਮੋਹਾਲੀ ਵੱਲੋਂ ਅੰਗ ਦਾਨ ਕਵਿਤਾ, ਸਨੇਹਾ ਮੋਹਾਲੀ ਵੱਲੋਂ ਮੈਨੂੰ ਗੋਡੇ ਗੋਡੇ ਚਾਅ, ਮੁਸਕਾਨ ਮੁਹਾਲੀ ਅੰਗਦਾਨ ਕਵਿਤਾ, ਹਾਇਕਾ ਢਿੱਲੋਂ ਮਲੇਰਕੋਟਲਾ ਵੱਲੋਂ ਭੂਆ ਭਤੀਜੀ ਕਵਿਤਾ, ਰਾਜਵੀਰ ਕੌਰ ਗੁਰਦਾਸਪੁਰ ਵੱਲੋਂ ਪੜਾਈ ਕਵਿਤਾ, ਹਰਸਿਮਰਤ ਕੌਰ ਗੁਰਦਾਸਪੁਰ ਵੱਲੋਂ ਰੁੱਖ ਲਗਾਓ ਕਵਿਤਾ, ਹਰਪ੍ਰੀਤ ਕੌਰ ਗੁਰਦਾਸਪੁਰ ਵੱਲੋਂ ਵਿਦਿਆ ਕਵਿਤਾ, ਅਨੀਤਾ ਖੰਨਾ ਜਲੰਧਰ ਵੱਲੋਂ ਸਫਰ ਕਵਿਤਾ, ਗੁਰਨੂਰ ਸੰਗਰੂਰ ਵੱਲੋਂ ਮੇਰੇ ਪਾਪਾ ਕਵਿਤਾ, ਪਰਮਿੰਦਰ ਸਿੰਘ ਪਟਿਆਲਾ ਵੱਲੋਂ ਵਸਦਾ ਰਹੇ ਮੇਰਾ ਪੰਜਾਬ ਗੀਤ, ਸਵਾਨ ਸਹੋਤਾ ਮੋਹਾਲੀ ਵੱਲੋਂ ਹਉਮੈ ਕਵਿਤਾ, ਏਕਮਜੋਤ ਗੁਰਦਾਸਪੁਰ ਵੱਲੋਂ ਨਸ਼ਾ ਮੁਕਤ ਪੰਜਾਬ ਸਬੰਧੀ ਰਚਨਾ, ਮੁਸਕਾਨ ਬਰਨਾਲਾ ਵੱਲੋਂ ਕਿੱਧਰ ਗਿਆ ਪੰਜਾਬ ਕਵਿਤਾ, ਅਰਸ਼ਦੀਪ ਕੌਰ ਬਰਨਾਲਾ ਵੱਲੋਂ ਧੀਆਂ ਕਵਿਤਾ, ਨਵਜੋਤ ਕੌਰ ਬਰਨਾਲਾ ਵੱਲੋਂ ਸੁਖੀ ਬਾਠ ਜੀ ਤੇ ਲਿਖੀ ਕਵਿਤਾ, ਸੰਤੋਸ਼ ਗੁਰਦਾਸਪੁਰ ਵੱਲੋਂ ਲੇਖ ਸਮਾਂ, ਹਰਨੂਰ ਸਿੰਘ ਜਲੰਧਰ ਵੱਲੋਂ ਉਡਾਣ ਅਜੇ ਬਾਕੀ ਹੈ ਕਵਿਤਾ, ਸੁਖਮਨ ਕੌਰ ਫਰੀਦਕੋਟ ਵੱਲੋਂ ਪੰਜਾਬ ਦੇ ਵਿਗੜੇ ਹਾਲਾਤ ਸਬੰਧੀ ਕਵਿਤਾ, ਹਰਪ੍ਰੀਤ ਕੌਰ ਗੁਰਦਾਸਪੁਰ ਵੱਲੋਂ ਇਮਾਨਦਾਰੀ ਕਵਿਤਾ, ਮਾਨਿਆਤਾ ਸ੍ਰੀ ਮੁਕਤਸਰ ਸਾਹਿਬ ਵੱਲੋਂ ਨਸ਼ਾ ਇੱਕ ਲਾਹਨਤ ਕਵਿਤਾ, ਲਾਡੀ ਸੰਗਰੂਰ ਵੱਲੋਂ ਧਰਤੀ ਅਤੇ ਪਾਣੀ ਕਵਿਤਾ, ਅਨਹਦ ਸਿੰਘ ਲੁਧਿਆਣਾ ਵੱਲੋਂ ਜਨਮ ਦਿਨ ਕਵਿਤਾ, ਬਖਸ਼ੀਸ਼ ਕੌਰ ਸ੍ਰੀ ਮੁਕਤਸਰ ਸਾਹਿਬ ਅਸਲ ਪੰਜਾਬ ਕਵਿਤਾ, ਮੁਸਕਾਨ ਬਰਨਾਲਾ ਵੱਲੋਂ ਬਾਪੂ ਦੀ ਲਾਡਲੀ ਧੀ ਕਵਿਤਾ, ਸਮਿਕਸ਼ਾ ਵੱਲੋਂ ਜਿੰਦਗੀ ਦਾ ਸੱਚ ਕਵਿਤਾ, ਦੇਵ ਮੋਹਾਲੀ, ਧਰਮਪ੍ਰੀਤ ਕੌਰ ਗੁਰਦਾਸਪੁਰ ਵੱਲੋਂ ਖੂਨ ਦਾਨ ਕਵਿਤਾ ਅਤੇ ਮਨੀ ਕੌਰ ਮੋਹਾਲੀ, ਵੱਲੋਂ ਰਿਸ਼ਤਾ ਭੈਣ ਭਰਾ ਕਵਿਤਾ ਪੇਸ਼ ਕੀਤੀ ਗਈ। ਲੱਗਭੱਗ ਦੋ ਘੰਟੇ ਦੇ ਪ੍ਰੋਗਰਾਮ ਦੌਰਾਨ ਬੱਚਿਆਂ ਨੇ ਆਪਣੀਆਂ ਲਿਖੀਆਂ ਰਚਨਾਵਾਂ ਨਾਲ ਸਰੋਤਿਆਂ ਨੂੰ ਕੀਲ ਕੇ ਬਿਠਾ ਰੱਖਿਆ। ਦੋ ਬੱਚੇ ਸੁਖਮਨ ਫਰੀਦਕੋਟ ਅਤੇ ਮਨਹਰ ਸਿੰਘ ਲੁਧਿਆਣਾ ਵੱਲੋਂ ਗਰੁੱਪ ਵਿੱਚ ਪਾਈਆਂ ਬੁਝਾਰਤਾਂ ਦੇ ਸਭ ਤੋਂ ਪਹਿਲਾਂ ਜਵਾਬ ਦਿੱਤੇ ਗਏ। ਕੁੱਲ ਮਿਲਾ ਕੇ ਅੱਜ ਦਾ ਪ੍ਰੋਗਰਾਮ ਬਹੁਤ ਸਫਲ ਰਿਹਾ। ਪ੍ਰੋਜੈਕਟ ਇੰਚਾਰਜ ਉਂਕਾਰ ਸਿੰਘ ਤੇਜੇ ਵੱਲੋਂ ਸਾਰਿਆਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ ਗਿਆ। ਪ੍ਰੋਗਰਾਮ ਦੇ ਅਖੀਰ ਵਿੱਚ ਸ੍ਰੀ ਸੁੱਖੀ ਬਾਠ ਜੀ ਵੱਲੋਂ ਬੱਚਿਆਂ ਦੀ ਹੌਸਲਾ ਅਫਜਾਈ ਕੀਤੀ ਗਈ ਅਤੇ ਅੱਗੇ ਵੀ ਰਚਨਾਵਾਂ ਲਿਖਣ ਲਈ ਹੱਲਾਸ਼ੇਰੀ ਦਿੱਤੀ ਗਈ ਅਤੇ ਬੱਚਿਆਂ ਲਈ ਹਰ ਸੰਭਵ ਯਤਨ ਕਰਨ ਦਾ ਵਾਅਦਾ ਕੀਤਾ ਗਿਆ। ਇਸ ਪ੍ਰੋਗਰਾਮ ਗੁਰਦਾਸਪੁਰ ਤੋਂ ਪ੍ਰਧਾਨ ਡਾ. ਸਤਿੰਦਰ ਕੌਰ ਕਾਹਲੋਂ, ਡਾਕਟਰ ਸੁਰਿੰਦਰ ਕੁਮਾਰ ਜਿੰਦਲ ਜ਼ਿਲ੍ਹਾ ਪ੍ਰਧਾਨ ਮੋਹਾਲੀ, ਅਵਤਾਰ ਸਿੰਘ ਚੋਟੀਆਂ ਜ਼ਿਲ੍ਹਾ ਪ੍ਰਧਾਨ ਸੰਗਰੂਰ, ਸ਼ਸ਼ੀ ਬਾਲਾ ਸੰਗਰੂਰ, ਲਖਵਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ ਮਾਲੇਰਕੋਟਲਾ, ਵੀਨਾ ਅਰੋੜਾ ਜ਼ਿਲ੍ਹਾ ਪ੍ਰਧਾਨ ਜਲੰਧਰ, ਰਾਜਿੰਦਰ ਕੌਰ ਮੋਹਾਲੀ, ਗੁਤਿੰਦਰ ਕੌਰ ਮੋਹਾਲੀ, ਕੁਲਦੀਪ ਕੌਰ ਖੰਨਾ ਮਾਲੇਰਕੋਟਲਾ, ਰਣਜੀਤ ਕੌਰ ਬਾਜਵਾ ਗੁਰਦਾਸਪੁਰ, ਬਲਜਿੰਦਰ ਕੌਰ ਕਲਸੀ ਮੋਗਾ, ਰਾਜੇਸ਼ ਕੁਮਾਰ ਭਗਤ ਜਲੰਧਰ, ਲਖਵੀਰ ਕੌਰ ਮੋਹਾਲੀ, ਕਮਲਜੀਤ ਕੌਰ ਗੁਰਦਾਸਪੁਰ, ਨਵਜੋਤ ਕੌਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਅਤੇ ਇਹਨਾਂ ਮੈਂਬਰਾਂ ਤੋਂ ਇਲਾਵਾ ਬੱਚਿਆਂ ਦੇ ਮਾਪੇ ਅਤੇ ਗਾਈਡ ਅਧਿਆਪਕ ਸ਼ਾਮਿਲ ਸਨ।




# ਡਾ.ਅਸ਼ੋਕ ਹਸਤੀਰ ਬਣੇ ਸ਼ਤਰੰਜ ਚੈਂਪੀਅਨ



ਗੁਰਦਾਸਪੁਰ-ਨਵਨੀਤ ਕੁਮਾਰ - ਸ਼ਤਰੰਜ ਦਾ ਓਪਨ ਚੈਸ ਟੂਰਨਾਮੈਂਟ ਹੋਟਲ ਗੋਲਡਨ ਪਾਮ ਗੁਰਦਾਸਪੁਰ ਵਿਖੇ 14 ਅਤੇ 15 ਜੂਨ 2025 ਨੂੰ ਚੈਸ ਐਸੋਸੀਏਸ਼ਨ ਗੁਰਦਾਸਪੁਰ ਦੁਆਰਾ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿੱਚ 16 ਖਿਡਾਰਿਆਂ ਨੇ ਹਿੱਸਾ ਲਿਆ। ਜੋ ਕਿ 10 ਸਾਲ ਦੀ ਉਮਰ ਤੋ ਲੈ ਕੇ 90 ਸਾਲ ਤੱਕ ਦੀ ਉਮਰ ਵਾਲਿਆਂ ਲਈ ਕਰਵਾਇਆਂ ਗਿਆ।

ਦੋ ਦਿਨ ਚੱਲੇ ਇਸ ਟੂਰਨਾਮੈਂਟ ਦਾ ਉਦਘਾਟਨ ਚੇਅਰਮੈਨ ਪੰਜਾਬ ਹੈਲਥ ਕਾਰਪੋਰੇਸ਼ਨ ਸ਼ਰੀ ਰਮਨ ਬਹਿਲ ਦੇ ਪੁਤੱਰ ਸ਼ਰੀ ਧਰੁਵ ਬਹਿਲ ਅਤੇ ਮਾਰਕਿਟ ਕਮੇਟੀ ਗੁਰਦਾਸਪੁਰ ਦੇ ਚੈਅਰਮੈਨ ਸ਼ਰੀ ਭਾਰਤ ਭੂਸ਼ਣ ਸ਼ਰਮਾ ਦੁਆਰਾ ਸਯੁੰਕਤ ਰੂਪ ਵਿੱਚ ਕਿਤਾ ਗਿਆ। ਡਾ. ਅਸ਼ੋਕ ਹਸਤੀਰ ਇਸ ਟੂਰਨਾਮੈਂਟ ਦੇ ਵਿਜੇਤਾ ਰਹੇ ਅਤੇ ਚੈਸ ਟਰਾਫੀ ਉਹਨਾ ਦੇ ਨਾਮ ਰਹੀ। ਦੂਸਰੇ ਸਥਾਨ ਤੇ ਸ਼ਰੀ ਰਾਕੇਸ਼ ਕੋਹਲੀ, ਤੀਸਰੇ ਸਥਾਨ ਤੇ ਸ਼ਰੀ ਸੰਜੀਵ ਕੁਮਾਰ, ਚੋਥੇ ਸਥਾਨ ਤੇ ਦਿਵਿਆ ਮਹਾਜਨ ਅਤੇ ਪੰਜਵੇਂ ਸਥਾਨ ਤੇ ਸ਼ਿਵਾਸ਼ ਰਹੇ। ਟੂਰਨਾਮੈਂਟ ਦੇ ਅੰਤ ਵਿੱਚ ਸਾਰਿਆ ਖਿਡਾਰਿਆਂ ਦਾ ਹੋਸਲਾਂ ਵਧਾਉਣ ਲਈ ਇਨਾਮ ਵੰਡੇ ਗਏ।

# ਸਤਿਗੁਰੂ ਰਵਿਦਾਸ ਮਹਾਰਾਜ ਦੇ ਜੋਤੀ ਜੋਤ ਦਿਵਸ ਮੌਕੇ ਕਰਵਾਏ ਸਮਾਗਮ 'ਚ ਨਤਮਸਤਕ ਹੋਏ ਜੋਗਿੰਦਰ ਸਿੰਘ ਮਾ

*ਆਪ ਪਾਰਟੀ ਦੀ ਸਰਕਾਰ ਪੂਰਾ ਕਰ ਰਹੀ ਬੇਗਮਪੁਰਾ ਦਾ ਫਲਸਫਾ

ਫਗਵਾੜਾ ( ਸੁਸ਼ੀਲ ਸ਼ਰਮਾ )

ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਜੋਗਿੰਦਰ ਸਿਘ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜੋਤੀ ਜੋਤ ਦਿਵਸ ਦੇ ਸਬੰਧ 'ਚ ਸਤਿਗੁਰੂ ਰਵਿਦਾਸ ਮਹਾਰਾਜ ਦੀ ਚਰਨ ਛੋਹ ਪ੍ਰਾਪਤ ਸ਼੍ਰੋਮਣੀ ਸ਼ਰੀ ਗੁਰੂ ਰਵਿਦਾਸ ਮੰਦਿਰ ਜੀ.ਟੀ. ਰੋਡ ਚੱਕ ਹਕੀਮ ਫਗਵਾੜਾ ਵਿਖੇ ਕਰਵਾਏ ਗਏ ਧਾਰਮਿਕ ਸਮਾਗਮ ਸ਼ਿਰਕਤ ਕਰਦਿਆਂ ਗੁਰੂ ਮਹਾਰਾਜ ਦਾ ਆਸ਼ੀਰਵਾਦ





ਪ੍ਰਾਪਤ ਕੀਤਾ ਅਤੇ ਕੀਰਤਨ ਸਰਵਣ ਕੀਤਾ। ਉਪਰੰਤ ਸੰਗਤਾਂ ਨੂੰ ਸੰਬੋਧਨ ਕਰਦਿਆਂ ਜੋਗਿੰਦਰ ਸਿੰਘ ਮਾਨ ਨੇ ਕਿਹਾ ਕਿ ਸ਼ਰੀ ਗੁਰੂ ਰਵਿਦਾਸ ਮਹਾਰਾਜ ਨੇ ਮਨੁੱਖਤਾ ਨੂੰ ਸਾਂਝੀਵਾਲਤਾ ਦਾ ਸੁਨੇਹਾ ਦਿੱਤਾ ਹੈ। ਉਹਨਾਂ ਦੀ ਬਾਣੀ ਸੱਚ ਅਤੇ ਧਰਮ ਦੇ ਮਾਰਗ 'ਤੇ ਚੱਲਣ, ਵਹਿਮਾਂ, ਭਰਮਾਂ ਅਤੇ ਆਡੰਬਰਾਂ ਤੋਂ ਦੂਰ ਰਹਿੰਦਿਆਂ ਅਜਿਹੇ ਬੇਗਮਪੁਰੇ ਦਾ ਫਲਸਫਾ ਦਿੰਦੀ ਹੈ ਜਿੱਥੇ ਸਾਰਿਆਂ ਦੇ ਖਾਣ ਲਈ ਅੰਨ ਹੋਵੇ ਅਤੇ ਕੋਈ ਵੀ ਦੁਖੀ ਨਾ ਰਹੇ। ਉਹਨਾਂ ਕਿਹਾ ਕਿ ਸਾਨੂੰ ਗੁਰੂ ਸਾਹਿਬ ਦੇ ਦਰਸਾਏ ਮਾਰਗ 'ਤੇ ਚਲਦਿਆਂ ਭਾਈਚਾਰਕ ਸਾਂਝ ਮਜਬੂਤ ਕਰਨ ਲਈ ਕੰਮ ਕਰਨਾ ਚਾਹੀਦਾ ਹੈ। ਨਾਲ ਹੀ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਸਾਰੇ ਧਰਮ, ਪੰਥ ਤੇ ਸੰਪ੍ਰਦਾਵਾਂ ਦੀ ਭਲਾਈ ਲਈ ਕੰਮ ਕਰ ਰਹੀ ਹੈ ਤਾਂ ਕਿ ਗੁਰੂ ਰਵਿਦਾਸ ਮਹਾਰਾਜ ਦੇ ਬੇਗਮਪੁਰੇ ਦਾ ਫਲਸਫਾ ਪੂਰਾ ਹੋ ਸਕੇ। ਮੰਦਿਰ ਕਮੇਟੀ ਦੇ ਪ੍ਰਧਾਨ ਦਵਿੰਦਰ ਕੁਲਥਮ ਅਤੇ ਪ੍ਰਬੰਧਕਾਂ ਵਲੋਂ ਜੋਗਿੰਦਰ ਸਿੰਘ ਮਾਨ ਨੂੰ ਗੁਰੂ ਬਖਸ਼ਿਸ਼ ਸਰੋਪਾ ਪਾ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਮੰਦਿਰ ਕਮੇਟੀ ਦੇ ਸਰਪ੍ਰਸਤ ਚੌਧਰੀ ਸ਼ਰਦਾ ਰਾਮ ਐਡਵੋਕੇਟ, ਉਪ ਪ੍ਰਧਾਨ ਯਸ਼ ਬਰਨਾ, ਜਨਰਲ ਸਕੱਤਰ ਬਲਦੇਵ ਰਾਜ ਕੌਸ਼ਲ, ਸਕੱਤਰ ਅਸ਼ੋਕ ਭਾਟੀਆ, ਗੁਰਦਿਆਲ ਸੋਢੀ, ਸੀਟੂ ਬਾਈ, ਰਜਿੰਦਰ ਕੁਮਾਰ, ਜਗਨਨਾਥ ਕੈਲੇ, ਠੇਕੇਦਾਰ ਗੁਰਬਚਨਾ ਰਾਮ ਅਤੇ ਰਵਿੰਦਰ ਸਿੰਘ ਪੀ.ਏ. ਆਦਿ ਹਾਜਰ ਸਨ।

ਤਸਵੀਰ ਸਮੇਤ।

# ਬਲੱਡ ਬੈਂਕ ਫਗਵਾੜਾ ਵਿਖੇ ਲਗਾਇਆ ਦੰਦਾਂ ਅਤੇ ਜਬਾੜਿਆਂ ਦਾ 455ਵਾਂ ਫਰੀ ਕੈਂਪ

ਫਗਵਾੜਾ (ਸੁਸ਼ੀਲ ਸ਼ਰਮਾ ) ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਮਾਤਾ ਠਾਕੁਰ ਦੇਵੀ ਅਤੇ ਨਾਨਕ ਚੰਦ ਸੇਠੀ ਦੀ ਮਿੱਠੀ ਯਾਦ ਨੂੰ ਸਮਰਪਿਤ ਦੰਦਾਂ ਅਤੇ ਜਬਾੜਿਆਂ ਦਾ 455ਵਾਂ ਫਰੀ ਕੈਂਪ ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੀ ਨਿਗਰਾਨੀ ਹੇਠ ਲਗਾਇਆ ਗਿਆ। ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਨਗਰ ਨਿਗਮ ਫਗਵਾੜਾ ਤੋਂ ਮੇਅਰ ਰਾਮਪਾਲ ਉੱਪਲ ਨੇ ਸ਼ਿਰਕਤ ਕੀਤੀ। ਉਹਨਾਂ ਦੇ ਨਾਲ ਸਤਿਕਾਰਤ ਮਹਿਮਾਨ ਵਜੋਂ ਰੋਟੇਰੀਅਨ ਸਤਪਾਲ ਸੇਠੀ ਨੇ ਹਾਜਰੀ ਲਗਵਾਈ। ਮੁੱਖ ਮਹਿਮਾਨ ਨੇ ਦੀਪ ਪ੍ਰਜਵੱਲਿਤ ਕਰਕੇ ਕੈਂਪ ਦਾ ਸ਼ੁੱਭ ਆਰੰਭ ਕਰਵਾਇਆ। ਇਸ ਮੌਕੇ 6 ਲੋੜਵੰਦ ਬਜ਼ੁਰਗਾਂ ਨੂੰ ਨਵੇਂ ਤਿਆਰ ਕੀਤੇ ਜਬਾੜੇ ਵੰਡਦਿਆਂ ਉਹਨਾਂ ਨੇ ਬਲੱਡ ਬੈਂਕ ਵਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ। ਕੈਂਪ ਦੌਰਾਨ ਸੀ.ਐਮ.ਸੀ. ਲੁਧਿਆਣਾ ਤੋਂ ਡਾ. ਤਮਨਪ੍ਰੀਤ ਸਿੰਘ ਦੀ ਅਗਵਾਈ 'ਚ ਪਹੁੰਚੀ ਮਾਹਿਰ ਡਾਕਟਰਾਂ ਦੀ 25 ਮੈਂਬਰੀ ਮੋਬਾਈਲ ਟੀਮ ਨੇ ਲਗਭਗ 110 ਮਰੀਜ਼ਾਂ ਦੇ ਦੰਦਾਂ ਦੀ ਜਾਂਚ ਕੀਤੀ। ਲੋੜਵੰਦਾਂ ਦੇ ਦੰਦ ਸਾ.ਫ ਕੀਤੇ ਗਏ ਅਤੇ ਲੋੜ ਅਨੁਸਾਰ ਦਵਾਈਆਂ ਦਿੱਤੀਆਂ ਗਈਆਂ। 25 ਨਵੇਂ ਲੋੜਵੰਦਾਂ ਨੂੰ ਜਬਾੜੇ ਲਗਾਉਣ ਦੀ ਤੀਸਰੀ ਪ੍ਰਕ੍ਰਿਆ ਵੀ ਪੂਰੀ ਕੀਤੀ ਗਈ। ਇਸ ਤੋਂ ਇਲਾਵਾ, ਮਰੀਜ਼ਾਂ ਦੇ ਟੁੱਟੇ ਦੰਦਾਂ ਦੀ ਫਿਲਿੰਗ ਵੀ ਕੀਤੀ ਗਈ। ਡਾ. ਤਮਨਪ੍ਰੀਤ ਨੇ ਹਾਜਰੀਨ ਨੂੰ ਦੰਦਾਂ ਦੀ ਸੰਭਾਲ ਬਾਰੇ ਜਾਗਰੁਕ ਵੀ ਕੀਤਾ। ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਅਗਲਾ ਕੈਂਪ 1 ਜੁਲਾਈ ਦਿਨ ਮੰਗਲਵਾਰ ਨੂੰ ਲਗਾਇਆ ਜਾਵੇਗਾ। ਇਸ ਮੌਕੇ ਡਾ. ਦਵਿੰਦਰ ਛਾਬੜਾ, ਐਡਵੋਕੇਟ ਅਨੂੰ ਆਜਾਦ, ਇੰਦਰ ਖੁਰਾਣਾ, ਕ੍ਰਿਸ਼ਨ ਕੁਮਾਰ, ਰੂਪ ਲਾਲ, ਗੁਲਸ਼ਨ ਕਪੂਰ, ਐਨ.ਐਸ. ਸੈਣੀ, ਮੋਹਨ ਲਾਲ ਤਨੇਜਾ, ਸੁਧਾ ਬੇਦੀ, ਹਰਵਿੰਦਰ ਸਿੰਘ ਆਦਿ ਹਾਜਰ ਸਨ।



# ਪੀਰ ਬਾਬਾ ਲੱਖ ਦਾਤਾ ਜੀ ਦਾ ਨੌਵਾਂ ਮੇਲਾ ਕਰਵਾਇਆ




ਅੰਮ੍ਰਿਤਸਰ, (ਲੋਕ ਬਾਣੀ ) ਸੱਖੀ ਸਰਵਰ ਲੱਖਾਂ ਦੇ ਦਾਤੇ ਦਾ ਦਰਬਾਰ ਸ਼ਾਹੀ ਘਰਾਨਾਂ ਤੇ 9ਵਾਂ ਸਾਲਾਨਾ ਮੇਲਾ ਬਹੁਤ ਹੀ ਧੂਮ ਧਾਮ ਨਾਲ ਮੁੱਖ ਸੇਵਾਦਾਰ ਬਾਬਾ ਕੁਲਦੀਪ ਸ਼ਾਹੀ ਦੀ ਅਗਵਾਈ ਵਿਚ ਮਨਾਇਆ ਗਿਆ। ਜਿਸ ਵਿਚ ਸੁਸ਼ਾਤ ਭਾਟੀਆ ਸੈਕਟਰੀ ਨਗਰ ਨਿਗਮ ਅੰਮ੍ਰਿਤਸਰ,ਬਟਾਲਾ,ਕਪੂਰਥਲਾ, ਨਾਲ ਗੁਰਦਿਆਲ ਸਿੰਘ ਕਲਿਆਣ ਬੀਜੇਪੀ, ਖ਼ੁਸ਼ਹਾਲ ਸ਼ਰਮਾ ਗੌਰਵ ਸਮਾਜ ਸੇਵਕ ,ਜੋਬਨ,ਸੂਰਜ,ਸ਼ੁਭਮ,ਕੋਮਲ, ਤਜਿੰਦਰ,ਅੰਗਰੇਜ ਜਸ਼ਨ ਨੇ ਮੇਲੇ ਵਿਚ ਹਾਜ਼ਰੀ ਲਗਾਈ। ਵੱਖ ਵੱਖ ਕਵਾਲਾਂ ਨੇ ਪੀਰ ਬਾਬਾ ਲੱਖ ਦਾਤਾ ਸਰਕਾਰ ਦੀਆਂ ਕਵਾਲੀਆਂ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਮੁੱਖ ਸੇਵਾਦਾਰ ਵਲੋ ਆਏ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਗਿਆ।

# ਭਾਜਪਾ ਨਾਲ ਗੱਠਜੋੜ ਅਕਾਲੀਆਂ ਦਾ ਖ਼ਆਲੀ ਪਲਾਉ- ਪ੍ਰੋ. ਸਰਚਾਂਦ ਸਿੰਘ ਖਿਆਲਾ

ਅੰਮ੍ਰਿਤਸਰ, (ਲੋਕ ਬਾਣੀ ) ਕੁਝ ਅਕਾਲੀ ਆਗੂਆਂ ਵੱਲੋਂ ਨੇੜਲੇ ਭਵਿੱਖ ਵਿੱਚ ਭਾਜਪਾ ਨਾਲ ਗੱਠਜੋੜ ਬਾਰੇ ਦਿੱਤੇ ਜਾ ਰਹੇ ਬਿਆਨਾਂ 'ਤੇ ਟਿੱਪਣੀ ਕਰਦਿਆਂ ਭਾਜਪਾ ਦੇ ਸੂਬਾਈ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਗੱਠਜੋੜ ਦੀ ਸੰਭਾਵਨਾ ਨੂੰ ਖ਼ਾਰਜ ਕਰ ਦਿੱਤਾ ਅਤੇ ਇਸ ਨੂੰ ਅਕਾਲੀਆਂ ਦਾ ਖ਼ਆਲੀ ਪਲਾਉ ਦੱਸਿਆ। ਉਨ੍ਹਾਂ ਕਿਹਾ ਕਿ ਇਹ ਅਕਾਲੀ ਦਲ ਦੇ ਆਗੂਆਂ ਦੀ ਰਾਜਨੀਤਿਕ ਇੱਛਾ ਹੋ ਸਕਦੀ ਹੈ, ਜਿਸ ਕਾਰਨ ਉਹ ਅ.ਫਵਾਹਾਂ ਫੈਲਾ ਰਹੇ ਹਨ। ਪਰ ਜ਼ਮੀਨੀ ਪੱਧਰ 'ਤੇ ਜਾਂ ਕੇਂਦਰੀ ਪੱਧਰ 'ਤੇ ਅਜਿਹੀ ਕੋਈ ਗੱਲਬਾਤ ਨਹੀਂ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਸਾਰੀ ਸਾਜ਼ਿਸ਼ ਅਕਾਲੀ ਆਗੂਆਂ ਵੱਲੋਂ ਲੋਕਾਂ ਵਿੱਚ ਇਹ .ਗਲਤ.ਫਹਿਮੀ ਪੈਦਾ ਕਰਨ ਲਈ ਰਚੀ ਜਾ ਰਹੀ ਹੈ ਕਿ ਅਕਾਲੀ ਦਲ ਨੇੜਲੇ ਭਵਿੱਖ ਵਿੱਚ ਭਾਜਪਾ ਨਾਲ ਗੱਠਜੋੜ ਕਰੇਗਾ ਅਤੇ ਉਹ ਸੱਤਾ ਵਿੱਚ ਵਾਪਸ ਆਉਣਗੇ। ਸ਼ਰਤਾਂ 'ਤੇ ਗੱਠਜੋੜ ਬਾਰੇ ਉਨ੍ਹਾਂ ਕਿਹਾ ਕਿ 1996 ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੀ ਭਾਈਵਾਲੀ ਕਿਸੇ ਸ਼ਰਤ 'ਤੇ ਨਹੀਂ ਸੀ ਸਗੋਂ ਹਿੰਦੂ ਸਿੱਖ ਭਾਈਚਾਰੇ ਦੀ ਸਾਂਝ ਨੂੰ ਮਜ਼ਬੂਤ ਕਰਨ ਲਈ ਸੀ, ਹੁਣ ਅਕਾਲੀ ਆਗੂ ਸ਼ਰਤਾਂ ਨਾਲ ਗੱਠਜੋੜ ਦੀਆਂ ਸੰਭਾਵਨਾਵਾਂ ਬਾਰੇ ਗੱਲ ਕਰ ਰਹੇ ਹਨ। ਸਰਹੱਦ ਖੋਲ੍ਹਣ ਬਾਰੇ, ਜੋ ਕਿ ਗੱਠਜੋੜ ਦੀ ਇੱਕ ਸ਼ਰਤ ਹੈ, ਉਨ੍ਹਾਂ ਕਿਹਾ ਕਿ



ਭਾਜਪਾ ਦੀ ਅੱਤਵਾਦ 'ਤੇ ਜ਼ੀਰੋ ਟਾਲਰੈਂਸ ਨੀਤੀ ਹੈ, ਤਾਂ ਫਿਰ ਪਾਕਿਸਤਾਨ ਨਾਲ ਕਿਸੇ ਵੀ ਤਰ੍ਹਾਂ ਦੀ ਗੱਲਬਾਤ ਕਿਵੇਂ ਹੋ ਸਕਦੀ ਹੈ, ਜਿਸ ਨੇ ਭਾਰਤ ਵਿੱਚ ਅੱਤਵਾਦ ਫੈਲਾਉਣ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ ਹੈ ? ਉਨ੍ਹਾਂ ਕਿਹਾ ਕਿ ਅਕਾਲੀ ਦਲ ਕਿਸੇ ਵੀ ਤਰ੍ਹਾਂ ਗੱਠਜੋੜ ਲਈ ਸੌਦੇਬਾਜ਼ੀ ਕਰਨ ਦੀ ਸਥਿਤੀ ਵਿੱਚ ਨਹੀਂ ਹੈ। ਅਕਾਲੀ ਆਗੂਆਂ ਵੱਲੋਂ ਆਪਣੇ ਆਪ ਨੂੰ ਵੱਡੇ ਭਰਾ ਦੀ ਭੂਮਿਕਾ ਵਿੱਚ ਪੇਸ਼ ਕਰਨ 'ਤੇ ਹੈਰਾਨੀ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਵਜੂਦ ਹੁਣ ਪੰਜਾਬ ਵਿੱਚ ਨਾ-ਮਾਤਰ ਹੈ, 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਭਾਜਪਾ ਨੂੰ 6 ਪ੍ਰਤੀਸ਼ਤ ਤੋਂ ਘੱਟ ਵੋਟਾਂ ਮਿਲੀਆਂ, ਜਦੋਂ ਕਿ 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਭਾਜਪਾ 18.5 ਪ੍ਰਤੀਸ਼ਤ ਵੋਟਾਂ ਪ੍ਰਾਪਤ ਕਰਕੇ ਪੰਜਾਬ ਵਿੱਚ ਤੀਜੀ ਸਭ ਤੋਂ ਵੱਡੀ ਪਾਰਟੀ ਬਣ ਗਈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੂੰ ਸਿਰ.ਫ 13 ਪ੍ਰਤੀਸ਼ਤ ਵੋਟਾਂ ਮਿਲਣਾ ਸਪੱਸ਼ਟ ਕਰਦਾ ਹੈ ਕਿ ਪੰਥ ਨੇ ਅਕਾਲੀ ਦਲ ਨੂੰ ਰੱਦ ਕਰ ਦਿੱਤਾ ਹੈ। ਅਜਿਹੀ ਸਥਿਤੀ ਵਿੱਚ, ਅਕਾਲੀ ਦਲ ਵੱਲੋਂ ਆਪਣੇ ਆਪ ਨੂੰ ਵੱਡੇ ਭਰਾ ਦੀ ਭੂਮਿਕਾ ਵਿੱਚ ਪੇਸ਼ ਕਰਨਾ ਸਿਰ.ਫ ਇੱਕ ਕਲਪਨਾ ਤੋਂ ਵੱਧ ਕੁਝ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਜਪਾ 117 ਹਲਕਿਆਂ ਤੋਂ ਚੋਣਾਂ ਲੜ ਚੁੱਕੀ ਹੈ ਅਤੇ ਹੁਣ ਇਹ ਪਹਿਲਾਂ ਵਰਗੀ ਸਥਿਤੀ ਵਿੱਚ ਨਹੀਂ ਹੈ, ਪਰ ਇੱਕ ਮਜ਼ਬੂਤਪਾਰਟੀ ਵਜੋਂ ਆਪਣੀ ਪਛਾਣ ਬਣਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਹੈਰਾਨੀ ਵਾਲੀ ਗੱਲ ਹੈ ਕਿ 2019 ਵਿੱਚ ਗੱਠਜੋੜ ਤੋੜਨ ਤੋਂ ਬਾਅਦ, ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਭਾਜਪਾ 'ਤੇ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਦਖਲਅੰਦਾਜ਼ੀ ਕਰਨ, ਦਿੱਲੀ ਕਮੇਟੀ ਅਤੇ ਹਰਿਆਣਾ ਕਮੇਟੀ ਨੂੰ ਖੋਹਣ ਅਤੇ ਭਾਜਪਾ ਵਿੱਚ ਸ਼ਾਮਲ ਹੋਏ ਅਕਾਲੀ ਆਗੂਆਂ ਨੂੰ ਪੰਥ ਦੇ .ਗੱਦਾਰ ਹੋਣ ਵਰਗੇ ਬੇਬੁਨਿਆਦ ਬਿਆਨ ਦੇ ਚੁੱਕੇ ਹਨ, ਹੁਣ ਉਹ ਭਾਜਪਾ ਨਾਲ ਗੱਠਜੋੜ ਦਾ ਸੁਪਨਾ ਕਿਵੇਂ ਦੇਖ ਸਕਦੇ ਹਨ ?

# ਹਲਕਾ ਪੱਟੀ ਅਧੀਨ ਪੈਂਦੇ ਪਿੰਡ ਜੋਤੀ ਸ਼ਾਹ 'ਚ ਬੀਤੀ ਰਾਤ ਤਕਰੀਬਨ 10:30 ਵਜੇ ਦੋ ਧਿਰਾਂ ਵਿਚ ਕਿਸੇ ਪੁਰਾਣੀ ਰੰਜਿਸ਼ ਨੂੰ ਲੈ ਕੇ ਝਗੜਾ ਹੋਇਆ।



ਪੱਟੀ (ਹੈਪੀ ਸਭਰਾਂ)

ਜਿਸ ਦੌਰਾਨ ਇੱਕ ਧਿਰ ਵੱਲੋਂ ਕੁਝ ਵਿਅਕਤੀਆਂ ਨੂੰ ਬਾਹਰੋਂ ਸੱਦਿਆ ਗਿਆ ਅਤੇ ਬਾਹਰੋਂ ਆਏ ਵਿਅਕਤੀ ਇਨੋਵਾ ਗੱਡੀ 'ਤੇ ਹਥਿਆਰਾਂ ਨਾਲ ਲੈਸ ਹੋ ਕੇ ਆਏ ਅਤੇ ਗੋਲੀਆਂ ਚਲਾਈਆਂ ਗਈਆਂ। ਜਿਸ 'ਚ ਇਕ ਗੋਲੀ ਕਿਰਨਦੀਪ ਕੌਰ ਦੇ ਜਾ ਲੱਗੀ ਜੋ ਕਿ ਤਿੰਨ ਮਹੀਨੇ ਦੀ ਗਰਭਵਤੀ ਸੀ, ਦੱਸਿਆ ਜਾ ਰਿਹਾ ਹੈ ਕਿ ਗੋਲੀ ਛਾਤੀ ਵਿੱਚ ਲੱਗੀ ਅਤੇ ਉਸ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਗਰਭਵਤੀਕਿਰਨਦੀਪਨੂੰ-ਅੰਮ੍ਰਿਤਸਰ ਦੇ ਨਿੱਜੀ ਹਸਪਤਾਲ ਦਾਖਲ ਕਰ ਦਿੱਤਾ ਗਿਆ ਹੈ ।ਇਸ ਦੌਰਾਨ ਗੋਲੀ 2 ਹੋਰ ਲੋਕਾਂ ਦੇ ਵੀ ਲੱਗੀ ਜਿਸ 'ਚ ਇੱਕ ਗੋਲੀ ਸ਼ੇਰਾ ਸਿੰਘ ਦੇ ਸਿਰ 'ਚ ਲੱਗੀ ਅਤੇ ਇਕ ਜੰਗਾ ਸਿੰਘ ਦੇ ਗਲੇ ਕੋਲ ਲੱਗੀ। ਜਿਨ੍ਹਾਂ ਦੀ ਹਾਲਤ ਕਾ.ਫੀ ਗੰਭੀਰ ਹਨ ਅਤੇ ਗਰਭਵਤੀ ਔਰਤ ਸਮੇਤ ਦੋਵਾਂ ਵਿਅਕਤੀਆਂ ਨੂੰ ਹਸਪਤਾਲ ਦਾ.ਖ਼ਲ ਕਰਵਾਇਆ ਗਿਆ ਹੈ। ਇਸ ਦੌਰਾਨ ਮੁਲਜ਼ਮ ਮੌਕੇ ਤੋਂ ਫਰਾਰ ਹੋ ਗਏ, ਜਿਨ੍ਹਾਂ ਦੀਆਂ ਸੀਸੀਟੀਵੀ ਤਸਵੀਰਾਂ ਵੀ ਕੈਦ ਹੋ ਗਈਆਂ ਹਨ ।ਚੌਂਕੀ ਇੰਚਾਰਜ ਨਿਰਮਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਤ ਖਬਰ ਮਿਲੀ ਕਿ ਦੋ ਧਿਰਾਂ ਵਿੱਚ ਝਗੜਾ ਹੋ ਰਿਹਾ ਹੈ। ਪੁਲਸ ਵੱਲੋਂ ਮੌਕੇ 'ਤੇ ਪਹੁੰਚ ਕੇ ਮੌਕੇ ਦਾ ਜਾਇਜ਼ਾ ਲਿਆ ਅਤੇ ਜ਼ਖਮੀਆਂ ਨੂੰ ਤੁਰੰਤ ਹਸਪਤਾਲ ਰਵਾਨਾ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਇਸ ਦੌਰਾਨ ਪੁਲਸ ਨੂੰ ਘਟਨਾ ਵਾਲੀ ਜਗਹਾ ਤੋਂ ਦੋ ਖਾਲੀ .32 ਬੋਰ ਦੇ ਖੋਲ ਅਤੇ ਇਕ ਜ਼ਿੰਦਾ ਰੌਂਦ ਬਰਾਮਦ ਹੋਇਆ ਹੈ। ਪੁਲਸ ਨੇ ਦੱਸਿਆ ਕਿ ਜਲਦ ਹੀ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਅਦਾਲਤ 'ਚ ਪੇਸ਼ ਕੀਤਾ ਜਾਵੇਗਾ ।*

# ਵਧੀਕ ਡਿਪਟੀ ਕਮਿਸ਼ਨਰ ਵੱਲੋਂ ਅਧਿਕਾਰੀਆਂ ਨੂੰ ਹੜ੍ਹਾਂ ਰੋਕੂ ਪ੍ਰਬੰਧਾਂ ਨੂੰ ਬਿਨਾਂ ਕਿਸੇ ਦੇਰੀ ਮੁਕੰਮਲ ਕਰਨ ਦੇ ਨਿਰਦੇਸ਼

## ਜ਼ਿਲ੍ਹੇ ਵਿੱਚ ਸੇਮ ਨਾਲਿਆਂ ਦੀ ਸ.ਫਾਈ ਅਤੇ ਪਾਣੀ ਦੇ ਵਹਾਅ ਵਿੱਚ ਆਉਂਦੀਆਂ ਰੋਕਾਂ ਨੂੰ ਹਟਾਉਣ ਲਈ ਕਿਹਾ

ਗੁਰਦਾਸਪੁਰ-ਨਵਨੀਤ ਕੁਮਾਰ-

ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਹਰਜਿੰਦਰ ਸਿੰਘ ਬੇਦੀ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਬਿਨਾਂ ਕਿਸੇ ਦੇਰੀ ਆਪਣੇ ਵਿਭਾਗ ਨਾਲ ਸਬੰਧਿਤ ਹੜ੍ਹ ਰੋਕੂ ਪ੍ਰਬੰਧਾਂ ਨੂੰ ਮੁਕੰਮਲ ਕਰ ਲੈਣ ਤਾਂ ਜੋ ਆਉਣ ਵਾਲੇ ਬਰਸਾਤੀ ਸੀਜ਼ਨ ਦੌਰਾਨ ਹੜ੍ਹਾਂ ਦੇ ਸੰਭਾਵੀ ਖ਼ਤਰੇ ਨੂੰ ਟਾਲਿਆ ਜਾ ਸਕੇ। ਵਧੀਕ ਡਿਪਟੀ ਕਮਿਸ਼ਨਰ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨ.ਫਰੰਸ ਹਾਲ ਵਿਖੇ ਹੜ੍ਹਾਂ ਤੋਂ ਬਚਾਅ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਜਾਣ ਵਾਲੇ ਪ੍ਰਬੰਧਾਂ ਅਤੇ ਤਿਆਰੀਆਂ ਦਾ ਰੀਵਿਊ ਕਰ ਰਹੇ ਸਨ।

ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਹਰਜਿੰਦਰ ਸਿੰਘ ਬੇਦੀ ਨੇ ਡਰੇਨਜ਼ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਵਿੱਚ ਪੈਂਦੇ ਸੇਮ ਨਾਲਿਆਂ ਨੂੰ ਸਾ.ਫ ਕਰਨ ਦਾ ਜੋ ਕੰਮ ਚੱਲ ਰਿਹਾ ਹੈ ਉਸ ਨੂੰ ਜਲਦੀ ਮੁਕੰਮਲ ਕਰ ਲਿਆ ਜਾਵੇ ਤਾਂ ਜੋ ਬਰਸਾਤਾਂ ਦੌਰਾਨ ਪਾਣੀ ਦੀ ਨਿਕਾਸੀ ਵਿੱਚ ਕੋਈ ਰੋਕ ਨਾ ਆਵੇ। ਉਨ੍ਹਾਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਹੜ੍ਹ ਵਰਗੀ ਕਿਸੇ ਵੀ ਸੰਭਾਵੀ ਤ੍ਰਾਸਦੀ ਤੋਂ ਬਚਾਅ ਲਈ ਮੈਡੀਕਲ ਟੀਮਾਂ ਅਤੇ ਦਵਾਈਆਂ ਆਦਿ ਦੇ ਅਗੇਤੇ ਪ੍ਰਬੰਧ ਕਰਕੇ ਰੱਖੇ ਜਾਣ। ਉਨ੍ਹਾਂ ਕਿਹਾ ਕਿ ਸਬੰਧਿਤ ਵਿਭਾਗਾਂ ਵੱਲੋਂ ਲੋੜੀਂਦੀ ਗਿਣਤੀ ਵਿੱਚ ਕਿਸ਼ਤੀਆਂ, ਫੂਡ ਪੈਕ, ਪੀਣ ਵਾਲੇ ਪਾਣੀ ਅਤੇ ਹੋਰ ਲੋੜੀਂਦੇ ਪ੍ਰਬੰਧ ਕਰਕੇ ਵੀ ਰੱਖੇ ਜਾਣ।




ਵਧੀਕ ਡਿਪਟੀ ਕਮਿਸ਼ਨਰ ਨੇ ਨਗਰ ਨਿਗਮ ਬਟਾਲਾ ਅਤੇ ਜ਼ਿਲ੍ਹੇ ਦੀਆਂ ਸਮੂਹ ਨਗਰ ਕੌਂਸਲਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਸ਼ਹਿਰਾਂ ਵਿੱਚ ਸੀਵਰੇਜ ਦੀ ਸ.ਫਾਈ ਨੂੰ ਯਕੀਨੀ ਬਣਾਉਣ ਤਾਂ ਜੋ ਬਰਸਾਤ ਦੌਰਾਨ ਸ਼ਹਿਰਾਂ ਦੇ ਨੀਵੇਂ ਇਲਾਕਿਆਂ ਵਿੱਚ ਪਾਣੀ ਭਰਨ ਤੋਂ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਸੀਵਰੇਜ ਦੀ ਸ.ਫਾਈ ਦੇ ਨਾਲ ਇਹ ਯਕੀਨੀ ਬਣਾਇਆ ਜਾਵੇ ਕਿ ਸ਼ਹਿਰਾਂ ਵਿੱਚੋਂ ਲੰਘਦੇ ਨਾਲੇ ਪੂਰੀ ਤਰਾਂ ਸਾ.ਫ ਹੋਣ ਤਾਂ ਜੋ ਉਨ੍ਹਾਂ ਦਾ ਪਾਣੀ ਸ਼ਹਿਰਾਂ ਵਿੱਚ ਹੜ੍ਹ ਦਾ ਕਾਰਨ ਨਾ ਬਣੇ।

ਮੀਟਿੰਗ ਦੌਰਾਨ ਐੱਸ.ਡੀ.ਐੱਮ. ਦੀਨਾਨਗਰ ਜਸਪਿੰਦਰ ਸਿੰਘ, ਐੱਸ.ਡੀ.ਐੱਮ.ਗੁਰਦਾਸਪੁਰ ਮਨਜੀਤ ਸਿੰਘ ਰਾਜਲਾ, ਸਹਾਇਕ ਕਮਿਸ਼ਨਰ ਰੁਪਿੰਦਰਪਾਲ ਸਿੰਘ, ਸਹਾਇਕ ਕਮਿਸ਼ਨਰ ਕੁਲਦੀਪ ਚੰਦ, ਜ਼ਿਲ੍ਹਾ ਮਾਲ ਅ.ਫਸਰ ਸ੍ਰੀ ਜਸਕਰਨ ਸਿੰਘ, ਐਕਸੀਅਨ ਡਰੇਨਜ਼ ਸ. ਦਿਲਪ੍ਰੀਤ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਵੱਲੋਂ 16 ਸਾਲਾ ਅਯਾਨ ਮਿੱਤਲ ਦੀ ਵਿਸ਼ੇਸ਼ ਜ਼ਰੂਰਤਾਂ ਵਾਲੇ ਬੱਚਿਆਂ ਪ੍ਰਤੀ ਹਮਦਰਦੀ ਭਰੇ ਯਤਨਾਂ ਲਈ ਸ਼ਲਾਘਾ

ਜਲੰਧਰ, : ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਜਲੰਧਰ ਦੇ ਵਸਨੀਕ ਅਤੇ ਦੂਨ ਸਕੂਲ ਦੇ 16 ਸਾਲਾ ਵਿਦਿਆਰਥੀ ਅਯਾਨ ਮਿੱਤਲ ਦੀ ਉਸਦੀ ਮਿਸਾਲੀ ਪਹਿਲਕਦਮੀ 'ਖਰੋਮਾ', ਜੋ ਕਿ ਨਿਊਰੋਡਾਇਵਰਸ ਲੋੜਾਂ ਵਾਲੇ ਬੱਚਿਆਂ ਦੇ ਜੀਵਨ ਨੂੰ ਬਦਲ ਰਹੀ ਹੈ, ਲਈ ਭਰਪੂਰ ਪ੍ਰਸ਼ੰਸਾ ਕੀਤੀ ਹੈ।
ਡਿਪਟੀ ਕਮਿਸ਼ਨਰ ਨੇ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ 'ਖਰੋਮਾ' ਰਾਹੀਂ ਅਯਾਨ ਵੱਲੋਂ ਆਟਿਜ਼ਮ ਵਾਲੇ ਬੱਚਿਆਂ ਵੱਲੋਂ ਬਣਾਈਆਂ ਗਈਆਂ ਕਲਾਕ੍ਰਿਤੀਆਂ ਨੂੰ ਸਕੂਲ ਨੋਟਬੁੱਕਸ 'ਤੇ ਪ੍ਰਦਰਸ਼ਿਤ ਕਰਨ ਲਈ ਸੋਚ ਆਟਿਜ਼ਮ ਸੁਸਾਇਟੀ ਆਫ਼ ਪੰਜਾਬ ਨਾਲ ਰਚਨਾਤਮਕ ਤੌਰ 'ਤੇ ਸਹਿਯੋਗ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਵਿਕਰੀ ਤੋਂ ਪ੍ਰਾਪਤ ਸਾਰੀ ਆਮਦਨ ਸਿੱਧੇ ਤੌਰ 'ਤੇ ਸਮਾਜ ਦੇ ਨਿਊਰੋਡਾਇਵਰਸ ਵਿਦਿਆਰਥੀਆਂ ਨੂੰ ਸਸ਼ਕਤ ਬਣਾਉਣ ਅਤੇ ਸਹਾਇਤਾ ਕਰਨ ਦੇ ਸੁਸਾਇਟੀ ਦੇ ਮਿਸ਼ਨ ਦੀ ਪੂਰਤੀ ਲਈ ਵਰਤੀ ਜਾਂਦੀ ਹੈ।
ਇਸ ਪਹਿਲ ਨੂੰ ਰਚਨਾਤਮਕਤਾ ਅਤੇ ਹਮਦਰਦੀ ਦਾ ਇੱਕ ਵਿਲੱਖਣ ਸੁਮੇਲ ਦੱਸਦਿਆਂ ਡਾ. ਅਗਰਵਾਲ ਨੇ ਅਯਾਨ ਦੇ ਕੈਂਬਰਿਜ ਸਕੂਲ, ਜਲੰਧਰ ਵਰਗੀਆਂ ਸੰਸਥਾਵਾਂ ਨਾਲ ਸਫ਼ਲ ਸਹਿਯੋਗ 'ਤੇ ਚਾਨਣਾ ਪਾਇਆ, ਜਿੱਥੇ ਹੁਣ ਨੋਟਬੁੱਕਸ ਵਿੱਚ ਸਪੈਸ਼ਲ ਐਜੂਕੇਸ਼ਨ ਨੀਡਜ਼ (ਐਸਈਐਨ) ਵਿੰਗ ਦੇ ਵਿਦਿਆਰਥੀਆਂ ਵੱਲੋਂ ਬਣਾਈਆਂ ਕਲਾਕ੍ਰਿਤੀਆਂ ਸ਼ਾਮਲ ਹਨ ਅਤੇ ਮਾਸਟਰਜ਼ ਯੂਨੀਅਨ ਕਾਲਜ, ਜਿੱਥੇ ਇਸ ਨੇਕ ਕਾਰਜ ਲਈ ਫੰਡ ਇਕੱਤਰ ਕਰਨ ਲਈ ਵਿਸ਼ੇਸ਼ ਤੌਰ 'ਤੇ ਰਜਿਸਟਰ ਡਿਜ਼ਾਈਨ ਕੀਤੇ ਗਏ ਹਨ।



ਅਯਾਨ ਵੱਲੋਂ ਸਕੂਲ ਸਮਾਗਮਾਂ ਅਤੇ ਪ੍ਰਦਰਸ਼ਨੀਆਂ, ਜਿਵੇਂ ਦੂਨ ਸਕੂਲ ਫਾਊਂਡਰਜ਼ ਡੇ ਨੂੰ ਜਾਗਰੂਕਤਾ ਪੈਦਾ ਕਰਨ ਅਤੇ ਲੋਕਾਂ ਨੂੰ ਇਨ੍ਹਾਂ ਨੋਟਬੁੱਕਸ ਨੂੰ ਖ਼ਰੀਦ ਕੇ ਇਸ ਨੇਕ ਕਾਰਜ ਦਾ ਸਮਰਥਨ ਕਰਨ ਲਈ ਉਤਸ਼ਾਹਿਤ ਕਰਨ ਦਾ ਜ਼ਰੀਆ ਬਣਾਇਆ ਗਿਆ। ਡਿਪਟੀ ਕਮਿਸ਼ਨਰ ਨੇ ਅਯਾਨ ਦੀ ਸੰਵੇਦਨਸ਼ੀਲਤਾ ਅਤੇ ਵਿਚਾਰਸ਼ੀਲਤਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਸਿਰਫ਼ ਫੰਡ ਹੀ ਇਕੱਠਾ ਨਹੀਂ ਕਰ ਰਿਹਾ, ਸਗੋਂ ਰੋਜ਼ਾਨਾ ਜੀਵਨ ਵਿੱਚ ਪ੍ਰਤੀਨਿਧਤਾ ਅਤੇ ਸਮਾਵੇਸ਼ ਦਾ ਨਿਰਮਾਣ ਕਰ ਰਿਹਾ ਹੈ।
ਡਾ. ਅਗਰਵਾਲ ਨੇ ਅੱਗੇ ਕਿਹਾ ਕਿ ਅਯਾਨ ਇੱਕ ਸੱਚਾ ਰੋਲ ਮਾਡਲ ਹੈ ਅਤੇ ਸਾਨੂੰ ਸਮਾਜ ਸੇਵਾ ਵਿੱਚ ਉਸਦੇ ਸ਼ਾਨਦਾਰ ਯੋਗਦਾਨ ਲਈ ਉਸਨੂੰ ਸਨਮਾਨਿਤ ਕਰਨ 'ਤੇ ਮਾਣ ਮਹਿਸੂਸ ਹੋ ਰਿਹਾ ਹੈ।

# ਲੁਧਿਆਣਾ ਦੀ ਜ਼ਿਮਨੀ ਚੋਣ ਆਮ ਆਦਮੀ ਪਾਰਟੀ ਰਿਕਾਡਤੋੜ ਵੋਟਾਂ ਨਾਲ ਜਿੱਤੇਗੀ ਰਘੁਬੀਰ ਸਿੰਘ ਖ਼ਾਲਸਾ



ਗੁਰਦਾਸਪੁਰ -( ਜਸਵਿੰਦਰ ਸਿੰਘ ਵਿਧਾਇਕ ਰਮਨ ਬਹਿਲ ਦੀ ਅਗਵਾਈ ਹੇਠ ਪਾਰਟੀ ਵਰਕਰਾਂ ਨੂੰ ਮਿਲ ਰਿਹਾ ਪੂਰਾ ਮਾਣ ਸਨਮਾਨ ਨਗਰ ਸੁਧਾਰ ਟਰੱਸਟ ਗੁਰਦਾਸਪੁਰ ਰਘੁਬੀਰ ਸਿੰਘ ਖ਼ਾਲਸਾ ਦੇ ਟਰੱਸਟੀ ਅਤੇ ਪੀਟਰ ਮੱਟੂ ਧਾਰੀਵਾਲ ਆਮ ਆਦਮੀ ਪਾਰਟੀ ਪ੍ਰਧਾਨ ਅਮਨ ਅਰੋੜਾ ਹੱਕ ਵਿੱਚ ਲੋਕਾਂ ਨੂੰ ਜਾਗਰੂਕ ਕਰਦੇ ਹੋਏ ਲੁਧਿਆਣਾ ਦੇ ਵਾਰਡ ਨੰਬਰ 51 ਪੁਲਿਸ ਲਾਈਨ ਦੇ ਲੋਕਾਂ ਨੂੰ ਮਿਲਦੇ ਹੋਏ ਲੁਧਿਆਣਾ ਦੀ ਜ਼ਿਮਨੀ ਚੋਣ ਲਈ ਡੋਰ-ਟੂ-ਡੋਰ ਕੀਤਾ ਲੋਕਾਂ ਨੂੰ ਜਾਗਰੂਕ ਹਲਕਾ ਵਾਸੀਆਂ ਨੂੰ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ੍ਰੀ ਸੰਜੀਵ ਅਰੋੜਾ ਜੀ ਦੇ ਹੱਕ ਵਿੱਚ ਵੋਟ ਪਾਉਣ ਲਈ ਕੀਤੀ ਅਪੀਲ ਅਤੇ ਲੁਧਿਆਣਾ ਵਾਸੀਆਂ ਵੱਲੋ ਵੀ ਭਰਵਾ ਹੁੰਗਾਰਾ ਮਿਲਿਆ .

# ਸ਼ਰਧਾਂਜਲੀ ਸਮਾਰਾਗਮ ਅਤੇ ਗਜ਼ਲ ਸੰਗ੍ਰਹਿ ਲੋਕ ਅਰਪਣ

(ਲੋਕ ਬਾਣੀ ) ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਦੀ ਵਿਸ਼ੇਸ਼ ਇਕੱਤਰਤਾ ਪੰਜਾਬ ਕਲਾ ਭਵਨ ਚੰਡੀਗੜ੍ਹ ਵਿਖੇ ਹੋਇਈ ਜਿਸ ਵਿਚ ਡਾ; ਅਨਿਲ ਬਹਿਲ ਦਾ ਗਜ਼ਲ ਸੰਗ੍ਰਹਿ ' ਕੂੰਜਾਂ ਦੀ ਉਡਾਣ ਲੋਕ ਅਰਪਣ ਕੀਤਾ ਗਿਆ ਸ਼ੁਰੂ ਵਿਚ ਅਹਿਮਦਾਬਾਦ ਹਵਾਈ ਹਾਦਸੇ ਵਿਚ ਜਾਨ ਗੁਆਉਣ ਵਾਲਿਆਂ ਨੂੰ ਦੋ ਮਿੰਟ ਮੋਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ ਪ੍ਰਸਿੱਧ ਗਜ਼ਲ-ਗੋ ਗੁਰਦਿਆਲ ਰੌਸ਼ਨ ਮੁੱਖ ਮਹਿਮਾਨ ਦੇ ਤੌਰ ਤੇ ਸ਼ਾਮਲ ਹੋਏ। ਪ੍ਰਧਾਨਗੀ ਮੰਡਲ ਵਿਚ ਕੇਂਦਰ ਦੇ ਕਾਰਜਕਾਰੀ ਪ੍ਰਧਾਨ ਪਰਮਜੀਤ ਕੌਰ ਪਰਮ, ਪ੍ਰਧਾਨ ਗੁਰਦਰਸ਼ਨ ਸਿੰਘ ਮਾਵੀ, ਮੁੱਖ ਸਲਾਹਕਾਰ ਡਾ: ਅਵਤਾਰ ਸਿੰਘ ਪਤੰਗ ਅਤੇ ਲੇਖਕ ਡਾ: ਅਨਿਲ ਬਹਿਲ ਸ਼ਾਮਲ ਸਨ ਪ੍ਰੋਗਰਾਮ ਦੀ ਸ਼ੁਰੂਆਤ ਵਿਚ ਪਰਮ ਵਲੋਂ ਸਵਾਗਤੀ ਸ਼ਬਦ ਕਹੇ ਗਏ ਅਤੇ ਪ੍ਰੋਗਰਾਮ ਬਾਰੇ ਦੱਸਿਆ। ਪ੍ਰਦੀਪ ਕੁਮਾਰ ਵਲੋਂ ਇਸ ਕਿਤਾਬ ਵਿਚੋਂ ਗਜ਼ਲ ਨੂੰ ਤਰੰਨਮ ਵਿਚ ਪੇਸ਼ ਕੀਤਾ ਗਿਆ। ਪ੍ਰਧਾਨਗੀ ਮੰਡਲ ਨੇ ਕਿਤਾਬ ਨੂੰ ਲੋਕ-ਅਰਪਣ



ਕੀਤਾ। ਨਰਿੰਦਰ ਕੌਰ ਲੌਂਗੀਆ, ਭਰਪੂਰ ਸਿੰਘ, ਦਵਿੰਦਰ ਕੌਰ ਢਿਲੋਂ,ਪਰਲਾਦ ਸਿੰਘ, ਨੇ ਕਿਤਾਬ ਵਿਚੋਂ ਗਜ਼ਲਾਂ ਸੁਣਾਈਆਂ ਡਾ: ਅਵਤਾਰ ਸਿੰਘ ਪਤੰਗ ਨੇ ਕਿਹਾ ਕਿ ਗਜ਼ਲ ਅਰਬੀ,ਫਾਰਸੀ,ਉਰਦੂ ਜ਼ੁਬਾਨਾਂ ਵਿਚੋਂ ਹੁੰਦੀ ਹੋਈ ਪੰਜਾਬੀ ਜ਼ੁਬਾਨ ਵਿਚ ਪ੍ਰਫੁਲਿਤ ਹੋਈ ਹੈ ਲੇਖਕ ਨੇ ਮਿਹਨਤ ਨਾਲ ਗਜ਼ਲ ਲਿਖਣੀ ਸਿੱਖੀ ਹੈ ਅਤੇ ਵਧੀਆ ਗਜ਼ਲਾਂ ਲਿਖੀਆਂ ਹਨ ਪਾਲ ਅਜਨਬੀ,ਗੁਰਦਰਸ਼ਨ ਸਿੰਘ ਮਾਵੀ, ਪਰਮਜੀਤ ਪਰਮ ਨੇ ਵੀ ਕਿਤਾਬ ਬਾਰੇ ਵਿਚਾਰ ਪ੍ਰਗਟ ਕੀਤੇ ਲੇਖਕ ਡਾ: ਅਨਿਲ ਬਹਿਲ ਨੇ ਦੱਸਿਆ ਕਿ ਉਸ ਨੂੰ ਚੰਗੇ ਉਸਤਾਦਾਂ ਨੇ ਵਧੀਆ ਗਜ਼ਲ ਲਿਖਣੀ ਸਿਖਾਈ। ਪੰਜਾਬੀ ਵਿਚ ਗਜ਼ਲ ਲਿਖਣੀ ਕੁਝ ਔਖੀ ਹੈ ਪਰ ਸਿਰੀ ਰਾਮ ਅਰਸ਼,ਗੁਰਦਿਆਲ ਰੌਸ਼ਨ ਦੀ ਰਹਿਨੁਮਾਈ ਵਿਚ ਇਹ ਸੌਖਾ ਲੱਗਿਆ। ਮਨਜੀਤ ਕੌਰ ਮੋਹਾਲੀ,ਤਰਸੇਮ ਰਾਜ, ਰਤਨ ਬਾਬਕਵਾਲਾ,ਲਾਭ ਸਿੰਘ ਲਹਿਲੀ,ਬਲਵਿੰਦਰ ਢਿਲੋਂ,ਰਜਿੰਦਰ ਸਿੰਘ,ਹਰਜੀਤ ਸਿੰਘ, ਸਰਬਜੀਤ ਸਿੰਘ, ਪਰਮ,ਨੇ ਆਪਣੀਆਂ ਪਸੰਦੀਦਾ ਰਚਨਾਵਾਂ ਸੁਣਾਈਆਂ ਗੁਰਦਿਆਲ ਰੌਸ਼ਨ ਨੇ ਗਜ਼ਲਾਂ ਨੂੰ ਮਾਪ ਦੰਡ ਉਤੇ ਖਰੀਆਂ ਉਤਰਨ ਵਾਲੀਆਂ ਦੱਸਿਆ ਉਹਨਾ ਕਿਹਾ ਕਿ ਨਦੀ ਦੀ ਡੂੰਘਾਈ ਤੋਂ ਅੱਗੇ ਸਮੁੰਦਰ ਵਾਂਗ ਬਣਨ ਦੀ ਕੋਸ਼ਿਸ਼ ਕਰੋ ਉਹਨਾਂ ਆਪਣੀਆਂ ਦੋ ਗਜਲਾਂ ਸੁਣਾਈਆਂ ਆ: ਪਤੰਗ ਨੇ ਸਭ ਦਾ ਧੰਨਵਾਦ ਕੀਤਾ ਇਸ ਮੌਕੇ ਜੋਗਿੰਦਰ ਸਿੰਘ ਜੱਗਾ,ਭਾਰਤੀ ਪੁਰ

# ਸੁਪਰਵਾਈਜਰਾਂ ਦੁਆਰਾ ਜਿਲ੍ਹਾ ਪ੍ਰੋਗਰਾਮ ਅਫਸਰ ਨੂੰ ਸ਼ੌਪਿਆਂ ਗਿਆ ਮੰਗ ਪੱਤਰ

## ਫੀਲਡ ਵਿੱਚ ਕੀਤੇ ਜਾ ਰਹੇ ਐਫ. ਆਰ. ਐਸ. ਦੇ ਕੰਮਾਂ ਵਿੱਚ ਆ ਰਹੀਆਂ ਭਾਰੀ ਮੁਸ਼ਕਿਲਾਂ



ਦੀਨਾਨਗਰ (ਡਾ.ਰਮੇਸ਼ ਸਰੰਗਲ ) ਅੱਜ ਜਿਲ੍ਹਾ ਪ੍ਰਧਾਨ ਰਾਜਬੀਰ ਕੌਰ ਸੁਪਰਵਾਈਜ਼ਰ ਦੀ ਅਗਵਾਈ ਵਿੱਚ ਸੁਪਰਵਾਈਜ਼ਰਾਂ ਦੁਆਰਾ ਫੀਲਡ ਵਿਚ ਕੀਤੇ ਜਾ ਰਹੇ ਐਫ. ਆਰ. ਐਸ ਦੇ ਕੰਮਾਂ ਵਿੱਚ ਆ ਰਹੀਆਂ ਮੁਸ਼ਕਿਲਾਂ ਸਬੰਧੀ ਜਿਲ੍ਹਾ ਪ੍ਰੋਗਰਾਮ ਅਫਸਰ ਗੁਰਦਾਸਪੁਰ ਜਸਮੀਤ ਕੋਰ ਨੂੰ ਇੱਕ ਮੰਗ ਪੱਤਰ ਸੌਂਪਿਆ ਗਿਆ। ਜਿਸ ਵਿੱਚ ਮੀਤ ਪ੍ਰਧਾਨ ਬਲਜੀਤ ਕੌਰ ਸੁਪਰਵਾਈਜ਼ਰ, ਕੁਲਮੀਤ ਕੋਰ, ਨਵਪ੍ਰੀਤ ਕੌਰ, ਨਵਜੋਤ ਕੌਰ, ਬਲਵਿੰਦਰ ਕੌਰ, ਕਿਰਨਜੀਤ ਕੌਰ, ਪਰਮਜੀਤ ਕੌਰ, ਸੁਰਿੰਦਰ ਕੌਰ, ਮੈਡਮ ਸਵੀਟੀ, ਪ੍ਰਮਿਤਾ, ਰਾਜਵਿੰਦਰ ਕੌਰ, ਬਲਜੀਤ ਕੌਰ, ਮਨਜੀਤ ਕੌਰ, ਕੁਲਵਿੰਦਰਜੀਤ ਕੌਰ, ਅਕਵਿੰਦਰ ਕੋਰ, ਨੀਲਮਜੀਤ ਕੋਰ, ਰਜਿੰਦਰ ਕੌਰ, ਰਜਨੀ ਬਾਲਾ, ਕੁਲਵੰਤ ਕੌਰ, ਰੁਪਿੰਦਰਜੀਤ ਕੋਰ, ਰਾਜ ਕੁਮਾਰੀ, ਕੁਲਦੀਪ ਕੌਰ, ਬਿਮਲਾ ਦੇਵੀ ਆਦਿ ਹਾਜ਼ਰ ਸਨ।

# ਸਹਿਕਾਰੀ ਬੈਂਕ ਵਲੋਂ ਗ੍ਰਾਹਕਾਂ ਨੂੰ ਵੱਖ ਵੱਖ ਕਰਜ਼ਾ ਸਕੀਮਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦੇ ਚਾਨਣਾ ਪਾਇਆ ਗਿਆ

ਫਗਵਾੜਾ ( ਸੁਸ਼ੀਲ ਸ਼ਰਮਾ ) ਪੰਜਾਬ ਰਾਜ ਸਹਿਕਾਰੀ ਬੈਂਕ ਲਿਮਟਿਡ ਚੰਡੀਗੜ੍ਹ ਦੀਆ ਹਦਾਇਤਾਂ ਤਹਿਤ ਸਹਿਕਾਰੀ ਬੈਂਕ ਦੀ ਬਰਾਂਚ ਅਰਬਨ ਅਸਟੇਟ ਫਗਵਾੜਾ ਵਿਖੇ ਜ਼ਿਲ੍ਹਾ ਮੈਨੇਜਰ ਨਰੇਸ਼ ਲਖਨਪਾਲ ਅਤੇ ਮੈਨੇਜਿੰਗ ਡਾਇਰੈਕਟਰ ਹਰਜਿੰਦਰ ਸਿੰਘ ਸੰਧੂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮੀਟਿੰਗ ਦਾ ਆਯੋਜਨ ਓਕਾਂਰ ਨਗਰ ਫਗਵਾੜਾ ਵਿਖੇ ਕੀਤਾ ਗਿਆ ਜਿਸ ਵਿੱਚ ਬ੍ਰਾਂਚ ਮੈਨੇਜਰ ਕਸ਼ਮੀਰ ਸਿੰਘ ਵਲੋਂ ਆਏ ਹੋਏ ਪਤਵੰਤੇ ਸਜਣਾਂ ਅਤੇ ਗ੍ਰਾਹਕਾਂ ਨੂੰ ਜੀ ਆਇਆਂ ਆਖਿਆ ਅਤੇ ਬੈਂਕ ਦੀਆ ਵੱਖ ਵੱਖ ਕਰਜ਼ਾ ਸਕੀਮਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ ਉਨ੍ਹਾਂ ਆਏ ਹੋਏ ਗ੍ਰਾਹਕਾਂ ਨੂੰ ਵੱਧ ਤੋਂ ਵੱਧ ਸਹਿਕਾਰੀ ਬੈਂਕਾਂ ਚ ਖਾਤੇ ਖੁਲਵਾਉਣ ਲਈ ਪ੍ਰੇਰਿਤ ਕੀਤਾ ਇਸ ਮੌਕੇ ਹਰਜਿੰਦਰ ਸਿੰਘ ਚੋਹਾਨ , ਮੁਲਖ ਰਾਜ , ਪ੍ਰਭ ਦਿਆਲ , ਕਸ਼ਮੀਰ ਕੌਰ ਦਾਦਰਾ , ਬਲਵੰਤ ਠਾਕੁਰ ਕੋਸਲਰ , ਪ੍ਰੇਮ ਲਾਲ , ਰਾਜ ਪਾਲ ਘਈ, ਅਤੇ ਜਸਵਿੰਦਰ ਕੌਰ ਸ਼ਾਮਿਲ ਹੋਏ



# ਕੋਵਿਡ ਦੇ ਤਿੰਨ ਨਵੇਂ ਕੇਸ ਆਏ ਸਾਹਮਣੇ


## ਕੋਵਿਡ ਦੇ ਨਵੇਂ ਵੇਰੀਐਂਟ ਤੋਂ ਘਬਰਾਉਣ ਦੀ ਲੋੜ ਨਹੀਂ- ਸਿਵਲ ਸਰਜਨ



ਅੰਮ੍ਰਿਤਸਰ (ਲੋਕ ਬਾਣੀ ) - ਕੋਵਿਡ ਦੇ ਨਵੇਂ ਵੇਰੀਐਂਟ ਦੇ ਤਿੰਨ ਨਵੇਂ ਮਾਮਲੇ ਸਾਹਮਣੇ ਆਏ ਹਨ,ਪਰ ਫਿਰ ਵੀ ਇਹਨਾਂ ਤੋਂ ਘਬਰਾਉਣ ਦੀ ਕੋਈ ਲੋੜ ਨਹੀਂ ਹੈ। ਇਹ ਵਿਚਾਰ ਸਿਵਲ ਸਰਜਨ ਅੰਮ੍ਰਿਤਸਰ ਡਾ.ਕਿਰਨਦੀਪ ਕੌਰ ਵੱਲੋਂ ਕੋਵਿਡ ਦੇ 3 ਕੇਸਾਂ ਦੀ ਪੁਸ਼ਟੀ ਕਰਨ ਸਮੇਂ ਸਾਂਝੇ ਕੀਤੇ। ਉਹਨਾਂ ਆਖਿਆ ਕਿ ਇਹ ਤਿੰਨੋ ਕੇਸ ਮੈਡੀਕਲ ਕਾਲਜ ਦੇ ਜੂਨੀਅਰ ਡਾਕਟਰ ਹਨ। ਜੋ ਕਿ ਇਸ ਸਮੇਂ ਹੋਮ ਆਈਸੋਲੇਟ ਹਨ ਅਤੇ ਬਿਲਕੁਲ ਠੀਕ ਹਨ। ਨਵੇਂ ਵੇਰੀਐਂਟ ਦੇ ਮਰੀਜ਼ ਬਹੁਤ ਜਲਦੀ ਆਪਣੇ ਆਪ ਹੀ ਦੋ ਤਿੰਨ ਦਿਨਾਂ ਦੇ ਵਿੱਚ ਰਿਕਵਰ ਹੋ ਜਾਂਦੇ ਹਨ। ਇਸ ਲਈ ਕੋਵਿਡ ਦੇ ਨਵੇਂ ਵੇਰੀਐਂਟ ਤੋਂ ਘਬਰਾਉਣ ਦੀ ਕੋਈ ਲੋੜ ਨਹੀਂ ਹੈ। ਉਹਨਾ ਆਮ ਜਨਤਾ ਨੂੰ ਅਪੀਲ ਕੀਤੀ ਕਿ ਕੋਵਿਡ ਦੇ ਹਲਕੇ ਲੱਛਣਾਂ ਜਿਵੇਂ ਖਾਂਸੀ, ਜ਼ੁਕਾਮ, ਬੁਖਾਰ, ਸਾਹ ਵਿੱਚ ਤਕਲੀਫ ਆਦੀ ਨੂੰ ਨਜ਼ਰ ਅੰਦਾਜ਼ ਨਾ ਕੀਤਾ ਜਾਵੇ। ਭੀੜ ਭਾੜ ਵਾਲੇ ਇਲਾਕਿਆਂ ਵਿੱਚ ਜਾਣ ਤੋਂ ਪਰਹੇਜ਼ ਕੀਤਾ ਜਾਵੇ। ਬਜ਼ੁਰਗਾਂ, ਗਰਭਵਤੀ ਮਾਵਾਂ, ਛੋਟੇ ਬੱਚੇ, ਸ਼ੂਗਰ, ਹਾਈਪਰਟੈਂਸ਼ਨ ਤੇ ਕਿਡਨੀ ਦੇ ਮਰੀਜ਼ ਆਦਿ ਨੂੰ ਆਪਣਾ ਖਾਸ ਧਿਆਨ ਰੱਖਣ ਦੀ ਜਰੂਰਤ ਹੈ। ਉਹਨਾਂ ਆਖਿਆ ਕਿ ਸਮੇਂ ਸਮੇਂ ਤੇ ਆਪਣੇ ਹੱਥਾਂ ਨੂੰ ਚੰਗੀ ਤਰ੍ਹਾਂ ਸਾਬਣ ਨਾਲ ਧੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਲੋੜ ਅਨੁਸਾਰ ਮਾਸਕ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਕੋਈ ਵੀ ਗੰਭੀਰ ਲੱਛਣ ਸਾਹਮਣੇ ਆਉਂਦੇ ਤੁਰੰਤ ਸਰਕਾਰੀ ਸਿਹਤ ਸੰਸਥਾ ਵਿਖੇ ਆਪਣੀ ਜਾਂਚ ਅਤੇ ਇਲਾਜ ਕਰਾਉਣਾ ਚਾਹੀਦਾ। ਇਸ ਤੋਂ ਇਲਾਵਾ ਅਫਵਾਵਾਂ ਅਤੇ ਸੋਸ਼ਲ ਮੀਡੀਆ ਤੇ ਗਲਤ ਜਾਣਕਾਰੀ ਤੋਂ ਬਚਣਾ ਚਾਹੀਦਾ ਹੈ।

# ਸਾਵਧਾਨ ! ਪੁਲਿਸ ਵਿਭਾਗ ਦੇ ਰੂਪ ਵਿੱਚ ਠੱਗ ਕਿਤੇ ਤੁਹਾਡੇ ਨਾਲ ਠੱਗੀ ਤਾਂ ਨਹੀਂ ਮਰ ਰਹੇ

## ਲੋਕਾਂ ਨੂੰ ਮਿਲਣ ਵਾਲੇ ਆਨਲਾਈਨ ਚਲਾਨ ਵਿੱਚ ਸੁਧਾਰਾਂ ਦੀ ਜਰੂਰਤ- ਸੰਜੇ ਭਰਾਨੀ



ਅੰਮ੍ਰਿਤਸਰ, (ਲੋਕ ਬਾਣੀ )- ਵਹੀਕਲਾਂ ਦੇ ਆਨਲਾਈਨ ਚਲਾਨ ਦੇ ਅਧੂਰੀ,ਸਮਝ ਨਾ ਆਉਣ ਵਾਲੀ ਜਾਣਕਾਰੀ ਨੂੰ ਲੈ ਕੇ ਲੋਕਾਂ ਨੂੰ ਪਰੇਸ਼ਾਨੀਆਂ ਪੇਸ਼ ਆ ਰਹੀਆਂ ਹਨ। ਜਿਸ ਨੂੰ ਲੈ ਕੇ ਪੁਲਿਸ ਵਿਭਾਗ ਦੇ ਵੱਖ-ਵੱਖ ਦਫਤਰਾਂ ਵਿੱਚ ਚੱਕਰ ਕੱਟਣ ਦੇ ਬਾਵਜੂਦ ਵੀ ਕੋਈ ਪੱਲਾ ਫੜਾਣ ਨੂੰ ਤਿਆਰ ਨਹੀਂ ਹੋ ਰਿਹਾ ਹੈ। ਇਸ ਸਬੰਧੀ ਗੁਰੂ ਗੋਬਿੰਦ ਸਿੰਘ ਨਗਰ ਮਜੀਠਾ ਰੋਡ ਨਿਵਾਸੀ ਸੰਜੇ ਭਰਾਨੀ ਨੇ ਜਾਣਕਾਰੀ ਦੌਰਾਨ ਦੱਸਿਆ ਕਿ ਪੰਜਾਬ ਵਿੱਚ ਆਨਲਾਈਨ ਚਲਾਨਾਂ ਨੂੰ ਲੈ ਕੇ ਅਜੇ ਕਾਫੀ ਸੁਧਾਰਾਂ ਦੀ ਲੋੜ ਹੈ। ਉਹਨਾਂ ਨੇ ਕਿਹਾ ਕਿ ਅਜਿਹੇ ਕਈ ਚਲਾਨ ਫੇਕ ਵੀ ਨਜ਼ਰ ਆ ਰਹੇ ਹਨ। ਇਹ ਵੀ ਹੋ ਸਕਦਾ ਹੈ ਕਿ ਕੁਝ ਲੋਕ ਪੁਲਿਸ ਵਿਭਾਗ ਦੇ ਨਾਮ ਤੇ ਠੱਗੀ ਦਾ ਨਵਾਂ ਤਰੀਕਾ ਅਪਣਾਉਂਦੇ ਹੋਏ ਲੋਕਾਂ ਨੂੰ ਆਪਣਾ ਸ਼ਿਕਾਰ ਬਣਾ ਰਹੇ ਹੋਣ। ਗਲਤ ਤਰੀਕੇ ਨਾਲ ਭੇਜੇ ਗਏ ਆਨਲਾਈਨ ਚਲਾਨ ਨੂੰ ਲੈ ਕੇ ਵੱਖ-ਵੱਖ ਦਫਤਰਾਂ ਦੇ ਚੱਕਰ ਕੱਟਣੇ ਪੈ ਰਹੇ ਹਨ। ਉਹਨਾਂ ਨੇ ਦੱਸਿਆ ਕਿ ਉਹਨਾਂ ਦੀ ਐਕਟਿਵਾ ਨੰਬਰ ਪੀ ਬੀ 02 ਡੀ ਵੀ 1760 ਨੂੰ ਲੈ ਕੇ ਚਲਾਣ ਮਿਤੀ 7 ਮਈ 2025 ਨੂੰ ਲਾਈਟ ਜੰਪ ਕਰਨ ਦਾ ਚਲਾਨ ਮਿਲਿਆ ਪਰ ਆਨਲਾਈਨ ਚਲਾਉਣ ਦੀ ਫੋਟੋ ਵਿੱਚ ਕਿਤੇ ਵੀ ਐਕਟੀਵਾ ਨਜ਼ਰ ਨਹੀਂ ਆ ਰਿਹਾ ਹੈ। ਚਲਾਨ ਵਿੱਚ ਡਾਇਮੰਡ ਐਵਨੀ ਚੌਕ ਦਰਜ ਕੀਤਾ ਹੋਇਆ ਹੈ ਜਦਕਿ ਮਜੀਠਾ ਰੋਡ ਤੇ ਡਾਇਮੰਡ ਐਵਨੀ ਚੌਕ ਦੇ ਨਾਮ ਦੀ ਕੋਈ ਜਗ੍ਹਾ ਹੀ ਨਹੀਂ ਹੈ ਜਦ ਕਿ ਚਲਾਨ ਨਾਲ ਭੇਜੀ ਫੋਟੋ ਵਿੱਚ ਇੱਕ ਟੇਮ ਵੈਨ ਅਤੇ ਰਿਕਸ਼ਾ ਰੇਹੜਾ ਨਜ਼ਰ ਆ ਰਿਹਾ ਹੈ। ਐਕਟਿਵਾ ਕਿਤੇ ਵੀ ਨਜ਼ਰ ਨਹੀਂ ਆ ਰਿਹਾ ਜਦਕਿ ਅਗਲੀਆਂ ਦੋ ਫੋਟੋਆਂ ਬਿਲਕੁਲ ਖਾਲੀ ਹਨ। ਇਸ ਮਾਮਲੇ ਦੀ ਤਫਤੀਸ਼ ਨੂੰ ਲੈ ਕੇ ਪੁਲਿਸ ਕਮਿਸ਼ਨਰ ਅੰਮ੍ਰਿਤਸਰ ਦੇ ਨਾਮ ਤੇ ਲਿਖਿਤ ਪੱਤਰ ਲੈ ਕੇ ਉਹਨਾਂ ਦੇ ਦਫਤਰ ਗਏ ਤਾਂ ਉਥੋਂ ਟਰੈਫਿਕ ਪੁਲਿਸ ਦਫਤਰ ਪੁਰਾਣੀ ਚਿਲਡਰਨ ਵਾਰਡ ਵਿਖੇ ਭੇਜ ਦਿੱਤਾ ਗਿਆ,ਫਿਰ ਉਥੋਂ ਪੁਲਿਸ ਕਮਿਸ਼ਨਰ ਦਫਤਰ ਦੇ ਡਾਇਰੀ ਨੰਬਰ ਨੰਬਰ ਲਈ ਦਰਜ ਕਰਾਉਣ ਲਈ ਕਮਰਾ ਨੰਬਰ 64 ਵਿੱਚ ਭੇਜਿਆ ਗਿਆ,ਫਿਰ ਉਸ ਤੋਂ ਬਾਅਦ ਕਮਰਾ ਨੰਬਰ 30- ਏ ਅਤੇ ਫਿਰ 25 ਨੰਬਰ ਕਮਰੇ ਵਿੱਚ ਭੇਜ ਦਿੱਤਾ ਗਿਆ। 25 ਨੰਬਰ ਕਮਰੇ ਵਾਲਿਆਂ ਨੇ ਕਮਰਾ ਨੰਬਰ 19 ਵਿੱਚ ਭੇਜ ਦਿੱਤਾ ਗਿਆ,ਜਿੱਥੇ ਉਹਨਾਂ ਨੇ ਵੀ ਲਿਖਤੀ ਪੱਤਰ ਰਿਸੀਵ ਨਹੀਂ ਕੀਤਾ। ਉਹਨਾਂ ਨੇ ਕਿਹਾ ਕਿ ਟਰੈਫਿਕ ਵਾਲਿਆਂ ਦੇ ਦਫਤਰ ਜਾਓ। ਜਦ ਕਿ ਦਫਤਰਾਂ ਦੇ ਚੱਕਰ ਕੱਟਣ ਦਾ ਭੰਬਲ਼ ਭੂਸਾ ਟਰੈਫਿਕ ਦੇ ਦਫਤਰ ਤੋਂ ਹੀ ਸ਼ੁਰੂ ਹੋਇਆ ਸੀ। ਫਿਰ ਘੁੰਮ ਫਿਰਾ ਕੇ ਉਥੇ ਹੀ ਜਾਣ ਲਈ ਕਹਿ ਦਿੱਤਾ ਗਿਆ। ਸੰਜੇ ਭਰਾਣੀ ਨੇ ਦੱਸਿਆ ਕਿ ਦਫਤਰਾਂ ਦੇ ਚੱਕਰ ਕੱਟਣ ਤੋਂ ਬਾਅਦ ਹਾਰ ਕੇ ਉਹਨਾਂ ਨੇ ਪੁਲਿਸ ਕਮਿਸ਼ਨਰ ਦਫਤਰ ਦੇ ਲਈ 14 ਜੂਨ 2005 ਨੂੰ ਰਜਿਸਟਰੀ ਡਾਕ ਦੇ ਜਰੀਏ ਇੰਸਾਫ ਲਈ ਪੱਤਰ ਭੇਜ ਦਿੱਤਾ ਗਿਆ ਹੈ। ਸੰਜੇ ਭਰਾਨੀ ਨੇ ਦੱਸਿਆ ਹੈ ਕਿ ਇੱਕ ਹੋਰ ਚਲਾਨ ਉਹਨਾਂ ਦੇ ਵੱਡੇ ਭਰਾ ਰਾਜਨ ਭਾਨੀ ਦੇ ਨਾਮ ਤੇ ਤਰਨ ਤਾਰਨ ਤੋਂ ਵੀ ਆਇਆ ਹੈ ਰਾਜਨ ਭਰਾਨੀ ਦੇ ਨਾਮ ਦਾ ਮੋਟਰਸਾਈਕਲ ਪੀ ਬੀ ਜ਼ੀਰੋ 2 ਬੀ ਐਨ 1786 ਸਪਲੈਂਡਰ ਦੇ 5 ਮਈ 2005 ਦੀ ਚਲਾਨ ਕਾਪੀ ਤੇ ਜੋ ਫੋਟੋ ਲੱਗੀ ਹੋਈ ਹੈ ਉਹ ਪੁਰਾਣੀ ਪਲੇਟ ਵਾਲੀ ਫੋਟੋ ਹੈ। ਜਦਕਿ ਪਿਛਲੇ ਕਰੀਬ ਦੋ ਸਾਲਾਂ ਤੋਂ ਉਹਨਾਂ ਨੇ ਸਪਲੈਂਡਰ ਮੋਟਰਸਾਈਕਲ ਤੇ ਹਾਈ ਸਕਿਉਰਟੀ ਨੰਬਰ ਵਾਲੀ ਪਲੇਟ ਲਗਾ ਲਈ ਹੈ। ਜਦ ਕਿ 5 ਮਈ ਨੂੰ ਪੁਰਾਣੀ ਨੰਬਰ ਪਲੇਟ ਦੀ ਫੋਟੋ ਦਾ ਉਹਨਾਂ ਨੂੰ ਚਲਾਨ ਮਿਲ ਰਿਹਾ। ਸੰਜੇ ਭਰਾਨੀ ਨੇ ਦੱਸਿਆ ਕਿ ਪੁਲਿਸ ਕਰਮਚਾਰੀ ਨਾਲ ਸੰਪਰਕ ਕਰਨ ਤੇ ਉਹਨਾਂ ਨੇ ਦੱਸਿਆ ਕਿ ਇਹ ਚਲਾਨ ਫੇਕ ਲੱਗਦਾ ਹੈ। ਕੁਝ ਸ਼ਰਾਰਤੀ ਲੋਕ ਫੇਕ ਚਲਾਨ ਭੇਜ ਕੇ ਆਨਲਾਈਨ ਪੇਮੈਂਟ ਚ ਰਹੀਏ ਠੱਗੀ ਵੀ ਕਰ ਰਹੇ ਹਨ। ਸੰਜੇ ਭਰਾਨੀ ਨੇ ਪੰਜਾਬ ਸਰਕਾਰ ਸਮੇਤ ਪੁਲਿਸ ਕਮਿਸ਼ਨਰ ਅੰਮ੍ਰਿਤਸਰ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਗਲਤ ਤਰੀਕੇ ਨਾਲ ਭੇਜੇ ਜਾਣ ਵਾਲੇ ਚਲਾਨਾਂ ਦਾ ਸੁਧਾਰ ਕਰਦੇ ਹੋਏ ਲੋਕਾਂ ਨੂੰ ਪਰੇਸ਼ਾਨੀਆਂ ਤੋਂ ਬਚਾਇਆ ਜਾਵੇ।

# ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ ਦਾ ਅਸਲੀ ਵਾਰਿਸ ਹੈ : ਸੁਖਬੀਰ ਸਿੰਘ ਬਾਦਲ

## ਭਗਵੰਤ ਮਾਨ ਕੇਵਲ ਨਾਮ ਦਾ ਮੁੱਖ ਮੰਤਰੀ ਹੀ ਰਹਿ ਗਿਆ ਹੈ, ਕੇਜਰੀਵਾਲ ਨੇ ਉਸ ਦੇ ਹੱਥ ਬੰਨ ਰੱਖੇ ਹਨ : ਬਿਕਰਮਜੀਤ ਸਿੰਘ ਖਾਲਸਾ



ਲੁਧਿਆਣਾ, (ਗੁਰਭਿੰਦਰ ਗੁਰੀ)
: ਹਲਕਾ ਲੁਧਿਆਣਾ ਪੱਛਮੀ ਦੀ ਹੋ ਰਹੀ ਜ਼ਿਮਨੀ ਚੋਣ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਦੇ ਹੱਕ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਘੁਮਾਣ ਮੰਡੀ ਵਿਖੇ ਸਾਬਕਾ ਸੰਸਦੀ ਸਕੱਤਰ ਅਤੇ ਪੰਜਾਬ ਲੋਕ ਸੇਵਾ ਕਮਿਸ਼ਨ ਦੇ ਸਾਬਕਾ ਮੈਂਬਰ ਬਿਕਰਮਜੀਤ ਸਿੰਘ ਖਾਲਸਾ ਦੇ ਗ੍ਰਹਿ ਵਿਖੇ ਇੱਕ ਵਰਕਰ ਮਿਲਣੀ ਕੀਤੀ ਗਈ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਹਰਜਿੰਦਰ ਸਿੰਘ ਧਾਮੀ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਇਸੇ ਮੌਕੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਜੇਕਰ ਪੰਜਾਬ ਨੂੰ ਬਚਾਉਣਾ ਹੈ ਤਾਂ ਲੋਕਾਂ ਨੂੰ ਇਕ ਵਾਰ ਫਿਰ ਅਕਾਲੀ ਦਲ ਨੂੰ ਸੱਤਾ ਵਿੱਚ ਲਿਆਉਣਾ ਚਾਹੀਦਾ ਹੈ। ਅਕਾਲੀ ਦਲ ਹੀ ਇਕੋ-ਇਕ ਅਜਿਹੀ ਪਾਰਟੀ ਹੈ, ਜੋ ਪਿੰਡਾਂ ਅਤੇ ਸ਼ਹਿਰਾਂ ਦੋਵਾਂ ਦਾ ਵਿਕਾਸ ਚਾਹੁੰਦੀ ਹੈ। ਅਕਾਲੀ ਦਲ ਦੇ ਸਮੇਂ ਲੁਧਿਆਣਾ ਵਿੱਚ ਜਿੰਨੇ ਪੁਲ ਅਤੇ ਸੜਕਾਂ ਬਣੀਆਂ ਹਨ, ਉਹ ਪਹਿਲਾਂ ਕਦੇ ਨਹੀਂ ਬਣੀਆਂ। ਸ਼ਹਿਰਾਂ ਦੇ ਵਿਕਾਸ ਲਈ ਅਕਾਲੀ ਦਲ ਦਾ ਸੱਤਾ ਵਿੱਚ ਆਉਣਾ ਜ਼ਰੂਰੀ ਹੈ, ਕਿਉਂਕਿ ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ ਦਾ ਅਸਲੀ ਵਾਰਿਸ ਹੈ। ਉਨ੍ਹਾਂ ਕਿਹਾ ਕਿ ਅੱਜ ਇਹ ਗੱਲ ਸਾਹਮਣੇ ਆਈ ਹੈ ਕਿ ਜਗਰਾਓਂ ਨੇੜੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ 'ਤੇ ਲਾਠੀਚਾਰਜ ਕੀਤਾ ਗਿਆ ਹੈ, ਜੋਕਿ ਨਿੰਦਣਯੋਗ ਹੈ। ਅਕਾਲੀ ਦਲ ਹਮੇਸ਼ਾ ਹੀ ਲੋਕ ਹਿੱਤ ਵਿੱਚ ਕੰਮ ਕਰਨ ਵਾਲੀ ਪਾਰਟੀ ਰਹੀ ਹੈ। ਇਸ ਮੌਕੇ ਪ੍ਰਧਾਨ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਿੱਖ ਕੌਮ ਅਤੇ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਨ ਵਾਲੀ ਇੱਕੋ ਇੱਕ ਖੇਤਰੀ ਪਾਰਟੀ ਹੈ, ਇਸ ਲਈ ਹਲਕਾ ਲੁਧਿਆਣਾ ਦੀ ਹੋ ਰਹੀ ਜ਼ਿਮਨੀ ਚੋਣ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਨੂੰ ਆਪਣੇ ਕੀਮਤੀ ਵੋਟ ਪਾ ਕੇ ਜੇਤੂ ਬਣਾਓ। ਬਿਕਰਮਜੀਤ ਸਿੰਘ ਖਾਲਸਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਨੂੰ ਵਿਕਾਸ ਪੱਖੋਂ ਮੋਹਰੀ ਕਤਾਰ ਵਿੱਚ ਖੜ੍ਹਾ ਕੀਤਾ ਸੀ, ਪਰੰਤੂ ਆਪ ਦੀ ਮੌਜੂਦਾ ਸਰਕਾਰ ਨੇ ਰੰਗਲਾ ਪੰਜਾਬ ਬਣਾਉਣ ਦੀ ਥਾਂ ਤੇ ਗੰਧਲਾ ਪੰਜਾਬ ਬਣਾ ਕੇ ਰੱਖ ਦਿੱਤਾ ਹੈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਵੱਲੋਂ ਚਲਾਇਆ ਜਾ ਰਿਹਾ ਯੁੱਧ ਨਸ਼ਿਆਂ ਵਿਰੁੱਧ ਤੇ ਸਿੱਖਿਆ ਕ੍ਰਾਂਤੀ ਵਰਗੀਆਂ ਮੁਹਿੰਮਾ ਸਿਰਫ ਇਸ਼ਤਿਹਾਰਾਂ ਦੇ ਬੋਰਡਾਂ ਤੱਕ ਹੀ ਸੀਮਿਤ ਰਹਿ ਗਈਆਂ ਹਨ। ਖਾਲਸਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਕੇਂਦਰੀ ਟੀਮ ਦਾ ਕੰਮ ਕੇਵਲ ਪੰਜਾਬ ਦੇ ਸਰਮਾਏ ਨੂੰ ਲੁੱਟ ਕੇ ਦਿੱਲੀ ਲੈ ਜਾਣ ਦਾ ਹੈ, ਇਹ ਪਾਰਟੀ ਆਪਣੇ ਨਿੱਜੀ ਵਿਕਾਸ਼ ਤੇ ਲੱਗੀ ਹੋਈ ਹੈ, ਪੰਜਾਬ ਦੇ ਵਿਕਾਸ ਨਾਲ ਇਸ ਦਾ ਕੋਈ ਸਾਰੋਕਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਕੇਵਲ ਨਾਮ ਦਾ ਮੁੱਖ ਮੰਤਰੀ ਹੀ ਰਹਿ ਗਿਆ ਹੈ, ਕੇਜਰੀਵਾਲ ਨੇ ਉਸ ਦੇ ਹੱਥ ਬੰਨ ਰੱਖੇ ਹਨ। ਉਨ੍ਹਾਂ ਕਿਹਾ ਕਿ ਜੇਕਰ ਤੁਸੀਂ ਪੰਜਾਬ ਅਤੇ ਲੁਧਿਆਣਾ ਦਾ ਵਿਕਾਸ ਚਾਹੁੰਦੇ ਹੋ ਤਾਂ ਸ਼੍ਰੋਮਣੀ ਅਕਾਲੀ ਦਲ ਅਤੇ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਨੂੰ ਅੱਗੇ ਲੈ ਕੇ ਆਓ। ਅਖੀਰ ਵਿੱਚ ਬਿਕਰਮਜੀਤ ਸਿੰਘ ਖਾਲਸਾ ਵੱਲੋਂ ਮੀਟਿੰਗ ਵਿੱਚ ਸਮੁੱਚੀ ਲੀਡਰਸ਼ਿਪ ਅਤੇ ਪਾਰਟੀ ਵਰਕਰਾਂ ਦਾ ਧੰਨਵਾਦ ਕਰਨ ਉਪਰੰਤ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਪ੍ਰਧਾਨ ਭਾਈ ਹਰਜਿੰਦਰ ਸਿੰਘ ਧਾਮੀ ਦਾ ਸਿਰੋਪਾਓ ਅਤੇ ਸ੍ਰੀ ਸਾਹਿਬ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਯੂਥ ਪ੍ਰਧਾਨ ਸਰਬਜੀਤ ਸਿੰਘ ਝਿੰਜਰ, ਐਸਜੀਪੀਸੀ ਮੈਂਬਰ ਅਮਰਜੀਤ ਸਿੰਘ ਚਾਵਲਾ, ਐਸਜੀਪੀਸੀ ਮੈਂਬਰ ਜੱਥੇਦਾਰ ਜਗਜੀਤ ਸਿੰਘ ਤਲਵੰਡੀ, ਰਾਜਵਿੰਦਰ ਸਿੰਘ ਫਰੀਦਕੋਟ, ਯਾਦਵਿੰਦਰ ਸਿੰਘ ਯਾਦੂ, ਤੀਰਥ ਸਿੰਘ ਮਾਹਲਾ, ਸ਼ੇਰ ਸਿੰਘ ਮੰਡਵਾਲਾ, ਜਤਿੰਦਰ ਸਿੰਘ ਬਾਜਵਾ, ਆਰਪੀਐਸ ਧਾਲੀਵਾਲ, ਜਸਕਰਨ ਸਿੰਘ ਦਿਓਲ, ਸਤਨਾਮ ਸਿੰਘ ਰਾਹੀ, ਜਗਦੀਪ ਸਿੰਘ ਕਾਉਂਕੇ, ਕੰਵਲਜੀਤ ਸਿੰਘ, ਰਣਬੀਰ ਸਿੰਘ ਰਾਣਾ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਪਾਰਟੀ ਵਰਕਰ ਹਾਜ਼ਰ ਸਨ।

# ਲੁਧਿਆਣਾ ਦੀ ਜ਼ਿਮਨੀ ਚੋਣ ਆਮ ਆਦਮੀ ਪਾਰਟੀ ਰਿਕਾਰਡਤੋੜ ਵੋਟਾਂ ਨਾਲ ਜਿੱਤੇਗੀ: ਕਾਰਤਿਕ ਹਲਕਾ ਕੋਡੀਨੇਟਰ



-ਗੁਰਦਾਸਪੁਰ - ( ਜਸਵਿੰਦਰ ਸਿੰਘ ) - ਕਾਰਤਿਕ ਹਲਕਾ ਕੋਡੀਨੇਟਰ ਦੀਨਾਨਗਰ ਮਾਨਿਕ ਮਹਿਤਾ ਚੇਅਰਮੈਨ ਮਾਰਕੀਟ ਕਮੇਟੀ ਬਟਾਲਾ ਨੇ ਲੁਧਿਆਣਾ ਪੱਛਮੀ ਦੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਜੀ ਦੇ ਹੱਕ ਵਿੱਚ ਕੀਤਾ ਪ੍ਰਚਾਰ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਕੇਜਰੀ ਜੀ ਸੋਚ ਸਦਕਾ ਅੱਜ ਲੁਧਿਆਣਾ ਪੱਛਮੀ ਦੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਜੀ ਜਿਹੜੇ ਬਹੁਤ ਹੀ ਚੰਗੇ ਇਨਸਾਨ ਹਨ ਉਹਨਾਂ ਨੂੰ ਵੋਟ ਪਾ ਕੇ ਕਾਮਯਾਬ ਕੀਤਾ ਜਾਵੇ ਵਾਰਡ ਨੰਬਰ ਲੁਧਿਆਣਾ ਦੀ ਜ਼ਿਮਨੀ ਚੋਣ ਲਈ ਡੋਰ-ਟੂ-ਡੋਰ ਕੀਤਾ ਲੋਕਾਂ ਨੂੰ ਜਾਗਰੂਕ ਹਲਕਾ ਵਾਸੀਆਂ ਨੂੰ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ੍ਰੀ ਸੰਜੀਵ ਅਰੋੜਾ ਜੀ ਦੇ ਹੱਕ ਵਿੱਚ ਵੋਟ ਪਾਉਣ ਲਈ ਕੀਤੀ ਅਪੀਲ ਅਤੇ ਲੁਧਿਆਣਾ ਵਾਸੀਆਂ ਵੱਲੋ ਵੀ ਭਰਵਾ ਹੁੰਗਾਰਾ ਮਿਲਿਆ

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਧਾਰਮਿਕ ਸਮਾਗਮ ਕਰਵਾਇਆ

ਡੇਰਾਬੱਸੀ,(ਲੋਕ ਬਾਣੀ)--ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਡੇਰਾਬੱਸੀ ਅਨਾਜ਼ ਮੰਡੀ ਵਿਖੇ ਮੌਜੂਦ ਗੁਰਦੁਆਰਾ ਗੁਰੂ ਅੰਗਦ ਸਾਹਿਬ ਵਿਖੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸ਼ੁਭ ਮੌਕੇ 'ਤੇ ਸਥਾਨਕ ਗੁਰਦੁਆਰਾ ਸਾਹਿਬ ਵਿਖੇ ਇੱਕ ਵਿਸ਼ਾਲ ਧਾਰਮਿਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਇਲਾਕੇ ਭਰ ਦੀਆਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।

ਇਸ ਧਾਰਮਿਕ ਸਮਾਗਮ ਬਾਰੇ ਜਾਣਕਾਰੀ ਦਿੰਦੇ ਹੋਏ ਹਰਪ੍ਰੀਤ ਸਿੰਘ ਅਮਲਾਲਾ ਵਿਦਿਆਰਥੀ ਦਮਦਮੀ ਟਕਸਾਲ ਮਹਿਤਾ ਨੇ ਦੱਸਿਆ ਕਿ ਇਸ ਮੌਕੇ ਰਾਗੀ ਭਾਈ ਅੰਮ੍ਰਿਤਪਾਲ ਪਾਲ ਸਿੰਘ ਅਤੇ ਭਾਈ ਸੰਦੀਪ ਸਿੰਘ ਕਥਾਵਾਚਕ ਦਮਦਮੀ ਟਕਸਾਲ ਮਹਿਤਾ ਅਤੇ ਪ੍ਰਸਿੱਧ ਰਾਗੀ ਜਥਿਆਂ ਨੇ ਆਪਣੀ ਰਸਭਿੰਨੀ ਬਾਣੀ ਨਾਲ ਸੰਗਤਾਂ ਨੂੰ ਭਗਤੀ ਰੰਗ ਵਿੱਚ ਰੰਗ ਦਿੱਤਾ।

ਇਸ ਉਪਰੰਤ ਕਥਾਵਾਚਕਾਂ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ, ਉਨ੍ਹਾਂ ਦੀਆਂ ਸਿੱਖਿਆਵਾਂ ਅਤੇ 'ਮੀਰੀ-ਪੀਰੀ' ਦੇ ਸਿਧਾਂਤ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ। ਉਨ੍ਹਾਂ ਨੇ ਦੱਸਿਆ ਕਿ ਕਿਵੇਂ ਗੁਰੂ ਸਾਹਿਬ ਨੇ ਜ਼ੁਲਮ ਦਾ



ਮੁਕਾਬਲਾ ਕਰਨ ਲਈ ਸ਼ਸਤਰ ਧਾਰਨ ਕੀਤੇ ਅਤੇ ਕਿਵੇਂ ਉਨ੍ਹਾਂ ਨੇ ਸਿੱਖ ਕੌਮ ਨੂੰ ਆਤਮ-ਸਨਮਾਨ ਅਤੇ ਸੂਰਬੀਰਤਾ ਦਾ ਪਾਠ ਪੜ੍ਹਾਇਆ। ਕਥਾਵਾਚਕਾਂ ਨੇ ਸੰਗਤਾਂ ਨੂੰ ਗੁਰੂ ਸਾਹਿਬ ਦੇ ਦਰਸਾਏ ਮਾਰਗ 'ਤੇ ਚੱਲਣ ਅਤੇ ਸਮਾਜ ਵਿੱਚ ਭਾਈਚਾਰਕ ਸਾਂਝ ਬਣਾਈ ਰੱਖਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਬੀਬੀ ਸਤਵੰਤ ਕੌਰ ਪੋਤਰੀ ਸੰਤ ਕਰਤਾਰ ਸਿੰਘ ਜੀ ਭਿੰਡਰਾਵਾਲੇ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਉਨ੍ਹਾਂ ਗੁਰੂ ਸਾਹਿਬ ਬਾਰੇ ਅਤੇ 1984 ਦੇ ਘੱਲੂਘਾਰੇ ਬਾਰੇ ਦੱਸਿਆ। ਇਸ ਤੋਂ ਇਲਾਵਾ ਬਾਬਾ ਕਿੱਕਰ ਸਿੰਘ ਦਮਦਮੀ ਟਕਸਾਲ ਵੀ ਆਪਣੇ ਜੱਥੇ ਸਮੇਤ ਨਾਭਾ ਸਾਹਿਬ ਤੋਂ ਵਿਸ਼ੇਸ਼ ਤੌਰ ਤੇ ਪਹੁੰਚੇ ਅਤੇ ਆਪਣੇ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ, ਜਿੱਥੇ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਪ੍ਰਸ਼ਾਦਾ ਛਕਿਆ। ਲੰਗਰ ਦੀ ਸੇਵਾ ਵਿੱਚ ਸਥਾਨਕ ਨੌਜਵਾਨਾਂ ਅਤੇ ਸੇਵਾਦਾਰਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਸਮਾਗਮ ਦੌਰਾਨ ਠੰਡੇ-ਮਿੱਠੇ ਜਲ ਦੀਆਂ ਛਬੀਲਾਂ ਵੀ ਲਗਾਈਆਂ ਗਈਆਂ ਸਨ। ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰਕਾਸ਼ ਪੁਰਬ ਦੇ ਸਫਲ ਆਯੋਜਨ ਲਈ ਸਮੂਹ ਸੰਗਤਾਂ, ਸੇਵਾਦਾਰਾਂ ਅਤੇ ਪ੍ਰਸ਼ਾਸਨ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਅਜਿਹੇ ਧਾਰਮਿਕ ਸਮਾਗਮ ਸਾਨੂੰ ਆਪਣੇ ਇਤਿਹਾਸ ਅਤੇ ਵਿਰਸੇ ਨਾਲ ਜੋੜੀ ਰੱਖਦੇ ਹਨ। ਸਮਾਗਮ ਦੇ ਅੰਤ ਵਿੱਚ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ ਅਤੇ ਹੁਕਮਨਾਮਾ ਸਰਵਣ ਕਰਵਾਇਆ ਗਿਆ। ਸਮੁੱਚਾ ਵਾਤਾਵਰਨ ਧਾਰਮਿਕ ਸ਼ਰਧਾ ਅਤੇ ਉਤਸ਼ਾਹ ਨਾਲ ਭਰਿਆ ਹੋਇਆ ਸੀ। ਇਸ ਮੌਕੇ ਸ੍ਰੀ ਗੁਰੂ ਅੰਗਦ ਸਾਹਿਬ ਗੁਰਦੁਆਰਾ ਕਮੇਟੀ ਮੈਂਬਰ, ਮਲਕੀਤ ਸਿੰਘ ਮਹਿਮੂਦਪੁਰ, ਜਗਦੀਪ ਸਿੰਘ ਬ੍ਰਹਮਪੁਰਾ, ਸੁਰਮੁੱਖ ਸਿੰਘ ਪਰਾਗਪੁਰ, ਸੇਠੀ ਕਾਰਕੌਰ, ਜੱਗੂ ਜਨੇਤਪੁਰ, ਨਰਿੰਦਰ ਸਿੰਘ ਧਨੌਨੀ, ਮਾਲਵਿੰਦਰ ਸਿੰਘ ਬਾਵਾ ਸਮੇਤ ਸੰਗਤ ਮੌਜੂਦ ਸੀ।

# ਰਾਜਪਾਲ ਇੰਟਰਨੈਸ਼ਨਲ ਗੈਲਰੀ ਵੱਲੋਂ ਅਸਿਸਟੈਂਟ ਕਮਿਸ਼ਨਰ ਰਜਿੰਦਰ ਪਾਲ ਸਿੰਘ ਦਾ ਸਨਮਾਨ



ਅੰਮ੍ਰਿਤਸਰ,(ਲੋਕ ਬਾਣੀ) - ਰਾਜਪਾਲ ਇੰਟਰਨੈਸ਼ਨਲ ਗੈਲਰੀ ਆਫ ਫਾਇਨ ਆਰਟ ਵੱਲੋਂ ਅੱਜ ਉਘੇ ਆਰਟਿਸਟ ਰਾਜਪਾਲ ਸੁਲਤਾਨ ਦੀ ਅਗਵਾਈ ਵਿੱਚ ਅਸਿਸਟੈਂਟ ਕਮਿਸ਼ਨਰ ਫੂਡ ਸੇਫਟੀ ਕਮ ਡੈਸਿਗਨੇਟਿਡ ਅਫਸਰ (ਫੂਡ ਸੇਫਟੀ) ਰਜਿੰਦਪਾਲ ਸਿੰਘ ਨੂੰ ਵਧੀਆ ਸੇਵਾਵਾਂ ਲਈ ਵਿਸ਼ੇਸ਼ ਤੌਰ 'ਤੇ ਭੋਲੇ ਭੰਡਾਰੀ ਸ਼ਿਵ ਸ਼ੰਕਰ ਦੀ ਹੱਥ ਨਾਲ ਬਣੀ ਪੇਂਟਿੰਗ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਅੰਮ੍ਰਿਤਸਰ ਦੇਹਾਤੀ ਪੁਲਿਸ ਦੇ ਡੀ.ਐਸ.ਪੀ ਧਰਮਿੰਦਰ ਕਲਿਆਣ,ਐਚ.ਐਮ ਹਿਊਮਨ ਰਾਈਟਸ ਵੈਲਫੇਅਰ ਐਸੋਸੀਏਸ਼ਨ ਦੇ ਪੰਜਾਬ ਪ੍ਰਧਾਨ ਦੀਪਕ ਕੁਮਾਰ ਮਿੰਟੂ,ਪੀ.ਐਸ.ਓ ਜਗੀਰ ਸਿੰਘ,ਕੰਵਲਜੀਤ ਸਿੰਘ ਵਾਲੀਆ ਆਦਿ ਹਾਜ਼ਰ ਸਨ ।ਇਸ ਮੌਕੇ ਰਾਜਪਾਲ ਸੁਲਤਾਨ ਨੇ ਕਿਹਾ ਕਿ ਰਜਿੰਦਰ ਪਾਲ ਸਿੰਘ ਅਪਣੀ ਡਿਊਟੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾ ਰਹੇ ਹਨ,ਅਜਿਹੇ ਅਫਸਰਾਂ ਤੇ ਹਮੇਸ਼ਾ ਸਾਨੂੰ ਮਾਨ ਰਿਹਾ ਹੈ ।ਇਸ ਮੌਕੇ ਰਜਿੰਦਰ ਪਾਲ ਸਿੰਘ ਨੇ ਕਿਹਾ ਕਿ ਸਿਹਤ ਮੰਤਰੀ ਪੰਜਾਬ,ਸਿਵਲ ਸਰਜਨ ਅੰਮ੍ਰਿਤਸਰ ਅਤੇ ਹੋਰ ਸੀਨੀਅਰ ਅਧਿਕਾਰੀਆਂ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਨਾ ਕਰਦੇ ਹੋਏ ਮਿਲਾਵਟਖੋਰੀ ਕਰਨ ਵਾਲਿਆਂ ਵਿਰੁੱਧ ਸ਼ਖਤ ਕਾਰਵਾਈ ਕੀਤੀ ਜਾ ਰਹੀ ਹੈ ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਵੀ ਲੱਗੇ ਕਿ ਕੋਈ ਦੁਕਾਨਦਾਰ ਜਾਂ ਵਪਾਰੀ ਜਾਂ ਹੋਰ ਖਾਣ-ਪੀਣ ਵਾਲੀਆਂ ਵਸਤੂਆਂ ਵਿੱਚ ਮਿਲਾਵਟਖੋਰੀ ਕਰਕੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰ ਰਿਹਾ ਹੈ ਤਾਂ ਉਸਦੀ ਸ਼ਿਕਾਇਤ ਤੁਰੰਤ ਸਿਵਲ ਸਰਜਨ ਦਫਤਰ ਅੰਮ੍ਰਿਤਸਰ ਨੂੰ ਦਿੱਤੀ ਜਾਵੇ।

# ਚਾਈਲਡ ਵੈਲਫੇਅਰ ਕੌਂਸਲ, ਪੰਜਾਬ ਵੱਲੋਂ ਆਯੋਜਿਤ ਸਮਰ ਕੈਂਪ ਦਾ ਸਮਾਪਨ ਸਮਾਰੋਹ

ਮੋਹਾਲੀ , (ਲੋਕ ਬਾਣੀ)

ਚਾਈਲਡ ਵੈਲਫੇਅਰ ਕੌਂਸਲ, ਪੰਜਾਬ ਵੱਲੋਂ 2 ਜੂਨ ਤੋਂ 14 ਜੂਨ, 2025 ਤੱਕ ਆਯੋਜਿਤ ਸਮਰ ਕੈਂਪ ਦਾ ਸਮਾਪਨ ਸਮਾਰੋਹ ਅੱਜ ਬਾਲ ਭਵਨ, ਮੋਹਾਲੀ ਵਿਖੇ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਵਧੀਕ ਡਿਪਟੀ ਕਮਿਸ਼ਨਰ (ਜਨਰਲ), ਸ਼੍ਰੀਮਤੀ ਗੀਤਿਕਾ ਸਿੰਘ ਸ਼ਾਮਲ ਹੋਏ। ਕੌਂਸਲ ਦੀ ਚੇਅਰਪਰਸਨ ਸ਼੍ਰੀਮਤੀ ਪ੍ਰਾਜਕਤਾ ਅਵਾਡ, ਖਜ਼ਾਨਚੀ ਸ਼੍ਰੀਮਤੀ ਰਤਿੰਦਰ ਬਰਾੜ ਅਤੇ ਸਕੱਤਰ ਡਾ. (ਸ਼੍ਰੀਮਤੀ) ਪ੍ਰੀਤਮ ਸੰਧੂ ਵੀ ਮੌਜੂਦ ਸਨ।



ਇਸ ਕੈਂਪ ਵਿੱਚ ਕੁੱਲ 41 ਬੱਚਿਆਂ ਨੇ ਨਿਯਮਿਤ ਕਿਰਿਆਵਾਂ ਚ ਭਾਗ ਲਿਆ। ਕੈਂਪ ਦੌਰਾਨ ਯੋਗ ਆਸਨ, ਆਰਟ ਐਂਡ ਕਰਾਫਟ ਅਤੇ ਸੰਗੀਤ ਦੀਆਂ ਕਲਾਸਾਂ ਜਿਵੇਂ ਸਰਸਵਤੀ ਵੰਦਨਾ, ਗਾਇਤਰੀ ਮੰਤਰ ਅਤੇ ਮੂਲ ਮੰਤਰ ਦਾ ਉਚਾਰਨ ਸਿਖਾਇਆ ਗਿਆ। ਸਮਾਪਨ ਸਮਾਰੋਹ ਵਿੱਚ ਬੱਚਿਆਂ ਨੇ ਕੈਂਪ ਦੌਰਾਨ ਸਿੱਖੀਆਂ ਗਤਿਵਿਧੀਆਂ ਦੀਆਂ ਪੇਸ਼ਕਾਰੀਆਂ ਦਿੱਤੀਆਂ।

ਮੁੱਖ ਮਹਿਮਾਨ ਦੇ ਸਵਾਗਤ ਤੋਂ ਬਾਅਦ ਡਾ. ਪ੍ਰੀਤਮ ਸੰਧੂ ਨੇ ਕੈਂਪ ਦੌਰਾਨ ਹੋਈਆਂ ਗਤਿਵਿਧੀਆਂ ਦੀ ਸੰਖੇਪ ਰਿਪੋਰਟ ਪੇਸ਼ ਕੀਤੀ ਅਤੇ ਕੈਂਪ ਦੇ ਮਕਸਦ ਬਾਰੇ ਜਾਣਕਾਰੀ ਦਿੱਤੀ।

ਕੌਂਸਲ ਦੀ ਚੇਅਰਪ੍ਰਸਨ ਸ਼੍ਰੀਮਤੀ ਪ੍ਰਾਜਕਤਾ ਅਵਾਡ ਨੇ ਬੱਚਿਆਂ ਨੂੰ ਰਚਨਾਤਮਕ ਅਤੇ ਸਕਾਰਾਤਮਕ ਗਤਿਵਿਧੀਆਂ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਕਿਹਾ ਕਿ ਅੱਜਕੱਲ੍ਹ ਕੈਰੀਅਰ ਚੁਣਨ ਲਈ ਕਈ ਵਿਕਲਪ ਹਨ, ਜਿਨ੍ਹਾਂ ਦਾ ਲਾਭ ਲੈਣਾ ਚਾਹੀਦਾ ਹੈ।

ਸ਼੍ਰੀਮਤੀ ਗੀਤਿਕਾ ਸਿੰਘ ਨੇ ਬੱਚਿਆਂ ਦੀਆਂ ਪੇਸ਼ਕਾਰੀਆਂ ਦੀ ਸ਼ਲਾਘਾ ਕੀਤੀ ਅਤੇ ਕੌਂਸਲ ਵੱਲੋਂ ਅਜਿਹੀਆਂ ਅਰਥ ਭਰਪੂਰ ਗਤਿਵਿਧੀਆਂ ਕਰਵਾਉਣ ਲਈ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਐਸੀਆਂ ਸਰਗਰਮੀਆਂ ਵਿੱਚ ਸ਼ਾਮਿਲ ਕਰਨਾ ਅੱਜ ਦੀ ਲੋੜ ਹੈ। ਉਨ੍ਹਾਂ ਨੇ ਬੱਚਿਆਂ ਨੂੰ ਸਰਟੀਫਿਕੇਟ ਵੀ ਵੰਡੇ।

ਇਸ ਮੌਕੇ 'ਤੇ 60 ਤੋਂ ਵੱਧ ਮਾਪੇ ਵੀ ਹਾਜ਼ਰ ਰਹੇ। ਆਖ਼ਰ ਵਿੱਚ ਕੌਂਸਲ ਦੀ ਖਜ਼ਾਨਚੀ ਸ਼੍ਰੀਮਤੀ ਰਤਿੰਦਰ ਬਰਾੜ ਨੇ ਧੰਨਵਾਦ ਪ੍ਰਸਤਾਵ ਪੇਸ਼ ਕੀਤਾ।

SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
Ambulance Service 24hrs.
FACILITIES AVAILABLE
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

JSDC GROUP ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ 82880 21797 82880 21798
ਲਾਇਸੈਂਸ ਨੰ: B-1303/PUN/PER/1000+/5/9437/2018
WWW.JSDCGROUP.COM
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਊਂਟਸ ਨੂੰ ਫਾਲੋ ਕਰੋ
JSDC GROUP - INDIA

INNOCENT HEARTS GROUP OF INSTITUTIONS
Learning Today... Leading Tomorrow !
150+ Placements | 18+ MOUs with Industries | upto 100% Scholarship Schemes
Offering 20+ Programmes
Management | Commerce | Information Technology
Hospitality | Medical Lab | Healthcare Sciences
Enroll for Session 2023-24
1800-833-4600
87250-33447
www.ihgi.in

St. Soldier GROUP OF INSTITUTIONS SINCE 1958
EDUCATIONAL 64 YEARS EXCELLENCE
MORE THAN • 56 Colleges & Schools • 200 Merit Positions • 125 Companies For Placements • 75 Academic Courses • 2000 Placements in 2022 - 2023 • 42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.* • Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc. Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB • PG DIPLOMA IN CYBER LAW
TEACHER / PHYSICAL EDUCATION
• BPES • B.Ed. • D.El.Ed. • B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
/stsoldiergroup www.stsoldiergroup.com
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565